ਰੇਡੀਓ ਲਵੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

ਕੜੀ-24,

ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ- ਚਰਚਾ **( Sustainable Development – Charcha )**

ਪੰਜਾਬੀ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(This is an interactive episode , in this episode we shall discuss the themes of the previous 7 episodes , likely to hve an interaction with experts , and shall try to raise the issues on doubts of the audience and try to provide solution to the questions raised answer the same.)**

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਲੋੜ ਅਨੁਸਾਰ ਹੋਰ

<u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

"ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ"

(ਸੰਗੀਤ...)

**ਐਲਾਨ**: ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗ**" ਦੀਆਂ ਤੇਈ ਕੜੀਆਂ ਰਾਹੀਂ ਹੁਣ ਤੱਕ ਤੁਸੀਂ ਸੁਣ ਚੁੱਕੇ ਹੋ ਵਾਰਤਾ ਵਿਕਾਸ ਦੇ ਮੌਜੂਦਾ ਮਾਡਲ ਦੀ ਦਿਸ਼ਾ ਦੀ! ਪਤਾ ਚੱਲਿਆ ਸਾਨੂੰ ਕਿ ਵਿਕਾਸ ਦੇ 'ਵਰਤੋ ਤੇ ਸੁੱਟੋ' ਮਾਡਲ ਦੇ ਨੁਕਸਾਨ ਜਾਂਦੇ ਨੇ ਕਿਸ ਹੱਦ ਤੱਕ, ਕਿੰਨਾ ਹੈ ਵਿਸ਼ਾਲ ਕਲਾਵਾ ਇਨ੍ਹਾਂ ਦਾ , ਕਿਵੇਂ ਹੁੰਦਾ ਹੈ ਘਾਣ ਕੁਦਰਤ ਦਾ ਮੌਜੂਦਾ ਵਿਕਾਸ ਦੀ ਕੁਦਰਤ ਵਿਰੋਧੀ ਦਿਸ਼ਾ ਕਾਰਨ ! ਕਿਵੇਂ ਸੰਭਵ ਨਹੀਂ ਹੈ ਬਚਣਾ ਇਸ ਧਰਤ ਗ੍ਰਹਿ ਦਾ ਜੇਕਰ ਨਾ ਦਿੱਤਾ ਮੋੜਾ ਕੁਦਰਤ ਦੇ ਇਸ ਦੋਹਨ ਨੂੰ, ਹੋ ਰਿਹਾ ਹੈ ਜਿਹੜਾ ਬੇਲੋੜੇ ਖਪਤਵਾਦ ਕਾਰਨ ! ਸੁਣੀਆਂ ਨੇ ਕਹਾਣੀਆਂ ਕੁਦਰਤ ਨਾਲ ਇਕਸੁਰਤਾ ਵਾਲੇ ਵਿਕਾਸ ਦੀ ਦਿਸ਼ਾ ਦੀਆਂ, ਲੋੜੀਂਦੇ ਬਦਲਾਵਾਂ ਦੀਆਂ ਲੋੜ ਹੈ ਜਿਨ੍ਹਾਂ ਦੀ ਵਿਕਾਸ ਦੇ ਧਰਾਤਲ ਤੇ ! ।ਅੱਜ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਵੱਖ ਵੱਖ ਪਹਿਲੂਆਂ ਦੇ ਸੰਖੇਪ ਸਾਰ ਨੂੰ ਲੈ ਕੇ ਜਿਨ੍ਹਾਂ ਬਾਬਤ ਅਸੀਂ ਪਿਛਲੀਆਂ ਸੱਤ ਕੜੀਆਂ ਵਿੱਚ ਲੈ ਚੁੱਕੇ ਹਾਂ ਵਿਸਤ੍ਰਿਤ ਜਾਣਕਾਰੀ ! ਕਰਾਂਗੇ ਇੱਕ ਵਾਰ ਸਮੁੱਚਾ ਵਿਚਾਰ ਵਟਾਂਦਰਾ ।ਸੰਭਵ ਹੈ ਕਿ ਮਾਹਰ ਵੀ ਤੁਹਾਡੇ ਵੱਲੋਂ ਉਠਾਏ ਪ੍ਰਸ਼ਨਾਂ ਦਾ ਉਤਰ ਦੇਣ ਤੇ ਤੁਹਾਡੇ ਸ਼ੰਕਿਆਂ ਦੀ ਨਵਿਰਤੀ ਕਰਨ ।ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ**" ਦੀ 24ਵੀਂ ਕੜੀ ।

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਆਪ ਸਭ ਦਾ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ**" ਦੀ ਚੌਵੀਵੀਂ ਕੜੀ ਵਿੱਚ ਨਿਘਾ ਸੁਆਗਤ ਹੈ । "**ਟਿਕਾਊ ਵਿਕਾਸ**" ਸੁਣਦੇ ਹੀ ਸਾਡੇ ਸਾਹਮਣੇ ਆ ਜਾਂਦੀ ਹੈ ਤਸਵੀਰ ਬਦਲਦੀ ਤਰਜੇ ਜ਼ਿੰਦਗੀ ਦੀ , ਖਪਤ ਸਭਿਆਚਾਰ ਦੀ, 'ਵਰਤੋ ਤੇ ਸੁੱਟੋ' ਦੇ ਕੁਦਰਤ ਵਿਰੋਧੀ ਹਥਿਆਰ ਦੀ! ਸਾਡੇ ਪੰਜਾਬ ਨੇ ਤਾਂ ਅਨੇਕਾਂ ਝੱਲੀਆਂ ਨੇ ਤ੍ਰਾਸਦੀਆਂ ਕੁਦਰਤ ਦੇ ਇਸ ਵਿਗਾੜੇ ਗਏ ਸੰਤੁਲਨ ਕਾਰਨ ! ਪਾਣੀ ਸਾਡਾ ਹੋ ਗਿਆ ਮਲੀਨ , ਹਵਾ ਸਾਡੀ ਜਹਿਰੀਲੀ, ਮਿੱਟੀ ਸਾਡੀ ਰਹੀ ਹੈ ਮਰ ! ਧਰਤ ਹੇਠਲਾ ਪਾਣੀ ਵੀ ਚਲਿਆ ਗਿਆ ਬਹੁਤ ਹੀ ਡੂੰਘਾ, ਫੈਲ ਰਹੇ ਨੇ ਕੈਂਸਰ, ਕਾਲਾ ਪੀਲੀਆ ਤੇ ਹੋਰ ਭਿਆਨਕ ਰੋਗ , ਨਿਗਲ ਰਹੀ ਹੈ ਇਹ ਤ੍ਰਾਸਦੀ ਸਾਡੇ ਕਿਸਾਨਾਂ ਨੂੰ , ਮਜਦੂਰਾਂ ਨੂੰ , ਜੁਆਨੀ ਨੂੰ ਤੇ ਔਰਤਾਂ ਦੀ ਸਿਹਤ ਨੂੰ !

**ਮਰਦ ਸੂਤਰਧਾਰ:** ਪੰਜਾਬ ਦੇ ਪਾਣੀਆਂ ਵਿੱਚ ਸੱਚ ਮੁੱਚ ਰਲ ਗਿਆ ਹੈ ਜਹਿਰ ।ਅੰਮ੍ਰਿਤਾ ਪ੍ਰੀਤਮ ਦਾ ਕਿਹਾ ਸੱਚ ਹੋ ਗਿਆ !

" ਕਿਸੇ ਨੇ ਪੰਜਾਂ ਪਾਣੀਆਂ ਅੰਦਰ ਦਿੱਤਾ ਜਹਿਰ ਰਲਾ,
ਇਨ੍ਹਾਂ ਪੰਜਾਂ ਪਾਣੀਆਂ ਦਿੱਤਾ ਧਰਤ ਨੂੰ ਹੈ ਪਾਣੀ ਲਾ ,
ਇਸ ਜਰਖੇਜ ਜ਼ਮੀਨ ਦੇ ਲੂੰ-ਲੂੰ ਫੁਟਿਆ ਕਹਿਰ ,
ਫੁਟ- ਫੁਟ ਚੜ੍ਹੀਆਂ ਲਾਲੀਆਂ ਗਿਠ-ਗਿਠ ਚੜ੍ਹਿਆ ਜ਼ਹਿਰ"

**ਔਰਤ ਸੂਤਰਧਾਰ:** ਖਰਾਬ ਹੋ ਗਿਆ ਸਾਡਾ ਇਹ ਪਾਣੀ ਜੋ ਹੈ ਸੀ ਸੱਭ ਤੋਂ ਵੱਡਮੁਲਾ ਕੁਦਰਤੀ ਖਜਾਨਾ ਸਾਡੇ ਕੋਲ !

**ਮਰਦ ਸੂਤਰਧਾਰ:** ਜਿੱਥੇ ਸਾਡੀਆਂ ਗਤੀ ਵਿਧੀਆਂ ਨੇ ਕੀਤਾ ਹੈ ਮਲੀਨ ਇਸ ਪਾਣੀ ਨੂੰ , ਉਥੇ ਇਸਦੇ ਨਵੇਕਲੇ ਭੌਤਿਕ ਗੁਣ ਵੀ ਤਾਂ ਜਲਦੀ ਹੀ ਘੋਲ ਲੈਂਦੇ ਨੇ ਸੱਭ ਕੁੱਝ ਆਪਣੇ ਵਿੱਚ !

**ਔਰਤ ਸੂਤਰਧਾਰ:** ਪਰ ਜੇ ਨਾ ਹੁੰਦੇ ਇਹ ਗੁਣ ਇੱਕ ਚੰਗਾ ਘੋਲਕ ਹੋਣ ਦੇ ਇਸ ਪਾਣੀ ਵਿੱਚ ਤਾਂ ਵੀ ਤੇ ਹੋ ਜਾਣਾ ਸੀ ਮੁਹਾਲ ਸਾਡਾ ਜੀਵਣ ਇਸ ਧਰਤੀ ਤੇ !

**ਮਰਦ ਸੂਤਰਧਾਰ:**ਹਾਂ ਪ੍ਰਭਾਣੀ ! ਗੱਲ ਤਾਂ ਤੇਰੀ ਠੀਕ ਹੈ ! ਮੇਰੇ ਕੋਲੋਂ ਤਾਂ ਐਵੇਂ ਹੀ ਹੋ ਰਹੀ ਸੀ ਪਰਦਾਪੋਸੀ ਮਨੁੱਖੀ ਕਾਰਿਆਂ 'ਤੇ !

**ਔਰਤ ਸੂਤਰਧਾਰ:** ਅਸੀਂ ਜਾਇਆ ਕਰ ਰਹੇ ਹਾਂ ਪਾਣੀ ਨੂੰ , ਜੇ ਹੁਣ ਵੀ ਨਾ ਸਮਝੇ ਤਾਂ ਤਰਸ ਜਾਵਾਂਗੇ ਪੀਣ ਦੇ ਪਾਣੀ ਦੀ ਬੂੰਦ ਨੂੰ ਵੀ !

**ਮਰਦ ਸੂਤਰਧਾਰ:** ਤਰਸ ਤਾਂ ਹੁਣ ਵੀ ਰਹੇ ਹਾਂ ! ਪੰਜਾਬ ਦੇ ਸਾਰੇ ਦੇ ਸਾਰੇ 12288 ਪਿੰਡਾਂ ਦਾ ਧਰਤੀ ਹੇਠਲਾ ਪਾਣੀ ਵੀ ਪੀਣਯੋਗ ਨਹੀਂ ! ਮਿਲ ਗਏ ਨੇ ਖਤਰਨਾਕ ਰਸਾਇਣ ਅਤੇ ਭਾਰੀ ਤੇ ਕਿਰਣਾਹਟ ਵਾਲੀਆਂ ਧਾਤਾਂ ਇਸ ਵਿੱਚ !

**ਔਰਤ ਸੂਤਰਧਾਰ:** ਤਾਂ ਹੀ ਤਾਂ ਮਾਲਵੇ ਦੇ ਪਿੰਡਾਂ ਵਿੱਚ ਆਰ ਓ ਪਲਾਂਟ ਤੋਂ ਪਾਣੀ ਦੀ 20 ਲਿਟਰ ਦੀ ਕੇਨੀ ਲਿਆਉਣੀ ਪੈਂਦੀ ਹੈ ਹਰ ਰੋਜ , ਉਹ ਵੀ ਮਿਲਦਾ ਹੈ 100 ਰੁਪਏ ਕਿਲੋ ਲੀਟਰ !

**ਮਰਦ ਸੂਤਰਧਾਰ:** ਪਰ ਆਰ ਓ ਦੇ ਗੰਦੇ ਪਾਣੀ ਦੀ ਠੀਕ ਨਿਕਾਸੀ ਨਾ ਜੇ ਹੋਈ ਤਾਂ ਕਹਿੰਦੇ ਨੇ ਪਾਣੀ ਹੋਰ ਵੀ ਹੋ ਜਾਵੇਗਾ ਮਲੀਨ !

**ਔਰਤ ਸੂਤਰਧਾਰ:** ਸੁਣਿਆ ਹੈ , ਆਰ ਓ ਤਾਂ ਕੱਢ ਲੈਂਦਾ ਹੈ ਲੋੜੀਂਦੇ ਤੱਤ ਵੀ ਇਸ ਪਾਣੀ ਵਿੱਚੋਂ ! ਬਿਨ ਪਾਣੀ ਬਚੇਗਾ ਕਿਵੇਂ ਜੀਵਣ ? ਪਾਣੀ ਤਾਂ ਹੈ 60-70% ਹਿੱਸਾ ਸਾਰੇ ਜੀਵਾਂ ਦਾ !

**ਮਰਦ ਸੂਤਰਧਾਰ:** ਹਾਂ ! ਪਾਣੀ ਹੀ ਤਾਂ ਹੈ ਇਸ ਸਰੀਰ ਦੀ ਸੰਚਾਰ ਪ੍ਰਣਾਲੀ !

**ਔਰਤ ਸੂਤਰਧਾਰ:**ਪਾਣੀ ਹੀ ਹੈ ਇੱਕ ਅਜਿਹਾ ਯੋਗਿਕ ਜੋ ਉਪਲਬਧ ਹੈ ਤਿੰਨਾਂ ਰੂਪਾਂ ਵਿੱਚ -ਤਰਲ , ਠੋਸ ਤੇ ਗੈਸ!

**ਮਰਦ ਸੂਤਰਧਾਰ:** ਪਾਣੀ ਹੈ ਇਕ ਨਵੇਕਲਾ ਰਸਾਇਣ , ਇਸਦੇ ਵਿਸ਼ੇਸ਼ ਹਾਈਡਰੋਜਨ ਬੰਧਨਾਂ ਦੀ ਬਦੌਲਤ !

**ਔਰਤ ਸੂਤਰਧਾਰ:** ਇਸੇ ਕਰਕੇ ਤਾਂ ਇਸਦੇ ਜਮਾਓ ਦਰਜੇ ਤੇ ਉਬਾਲ ਦਰਜੇ ਵਿੱਚ ਹੈ ਸੱਭ ਤੋਂ ਵੱਡਾ ਅੰਤਰ ਪੂਰੇ 100 ਡਿਗਰੀ ਸੈਲਸੀਅਸ ਦਾ !

**ਮਰਦ ਸੂਤਰਧਾਰ:** ਇਸੇ ਕਾਰਨ ਹੈ ਇਹ ਇੱਕ ਵਧੀਆ ਤਰਲ ! ਜੇ ਨਾ ਹੁੰਦੇ ਇਹ ਹਾਈਡਰੋਜਨ ਬੰਧਨ ਤਾਂ ਹੁੰਦਾ ਇਹ ਗਰੀਸ ਵਰਗਾ !

**ਔਰਤ ਸੂਤਰਧਾਰ:** ਪਾਣੀ ਦਾ ਹੈ ਇੱਕ ਹੋਰ ਨਵੇਕਲਾ ਗੁਣ ! ਠੋਸ ਦੀ ਘਣਤਾ ਘੱਟ ਹੈ ਤਰਲ ਨਾਲੋਂ !

**ਮਰਦ ਸੂਤਰਧਾਰ:** ਇਸੇ ਕਰਕੇ ਤਾਂ ਬਰਫ ਦੇ ਵੱਡੇ ਤੋਦਿਆਂ ਦਾ 90% ਹਿਸਾ ਲੁਕਿਆ ਰਹਿੰਦਾ ਹੈ ਪਾਣੀ ਦੇ ਅੰਦਰ ਤੇ ਬਣ ਜਾਂਦੇ ਨੇ ਇਹ ਸਮੁੰਦਰੀ ਜਹਾਜਾਂ ਦੀਆਂ ਦੁਰਘਟਨਾਵਾਂ ਦਾ ਕਾਰਨ !

**ਔਰਤ ਸੂਤਰਧਾਰ:** ਇਸੇ ਕਾਰਨ ਤਾਂ ਡੁਬਿਆ ਸੀ ਮਸ਼ਾਹੂਰ ਜਹਾਜ ਟਾਈਟਨ !

**ਮਰਦ ਸੂਤਰਧਾਰ:** ਪਿਘਲ ਜਾਂਦੀ ਹੈ ਬਰਫ ! ਆਪਣੇ ਹੀ ਦਬਾਓ ਨਾਲ, ਉਪਰੋਂ ਜੰਮੀ ਬਰਫ ਦੇ ਨੀਚੇ ਜਿਉਂਦੇ ਰਹਿੰਦੇ ਨੇ ਪਾਣੀ ਦੇ ਜੀਵ !

**ਔਰਤ ਸੂਤਰਧਾਰ:** ਬੱਸ ਜਰੂਰੀ ਹੈ ਪਾਣੀ ਨੂੰ ਬਚਾਉਣਾ ਪੂਰੇ ਕਰਨ ਦੇ ਲਈ ਟੀਚੇ ਟਿਕਾਊ ਵਿਕਾਸ ਦੇ, 2030 ਤੱਕ ਸੱਭ ਨੂੰ ਸ਼ੁੱਧ ਪੇਅ ਜਲ ਉਪਲਬਧ ਕਰਵਾਉਣ ਦੇ !

**ਮਰਦ ਸੂਤਰਧਾਰ:** ਸ਼ੁੱਧ ਪੇਅ ਜਲ ਨਾਲ ਰੁਕਣਗੀਆਂ ਪਾਣੀ ਦੀ ਮਲੀਨਤਾ ਕਾਰਨ ਹੋਣ ਵਾਲੀਆਂ ਬਿਮਾਰੀਆਂ !

**ਔਰਤ ਸੂਤਰਧਾਰ:** ਟੱਟੀਆਂ ਉਲਟੀਆਂ, ਦਸਤ, ਹੈਜਾ, ਪੋਲੀਓ, ਹੈਪੇਟਾਈਟਿਸ, ਟਾਈਫਾਈਡ, ਮਲ੍ਹਪ, ਚਲੂਣੇ, ਆਂਤੜੀ ਦੀ ਸੋਜ਼ਸ (ਐਮੀਬਇਸਸ) ਦੀ ਹੋਵੇਗੀ ਰੋਕ ਥਾਮ !

**ਮਰਦ ਸੂਤਰਧਾਰ:** ਭਾਰੀ ਧਾਤਾਂ ਕਾਰਨ ਹੋਣ ਵਾਲੇ ਅਤੇ ਸਰੀਰ ਦੀ ਲੜਣ ਸ਼ਕਤੀ ਘਟਣ ਕਰਕੇ ਲੱਗਣ ਵਾਲੇ ਕੈਂਸਰ ਵਰਗੇ ਰੋਗਾਂ ਨੂੰ ਵੀ ਪਵੇਗੀ ਠੱਲ੍ਹ !

**ਔਰਤ ਸੂਤਰਧਾਰ:** ਸ਼ੁੱਧ ਪੇਅ ਜਲ ਹੁੰਦਾ ਹੈ ਰੰਗਹੀਣ, ਗੰਧਹੀਣ, ਸਵਾਦ ਰਹਿਤ ! ਇਸਦਾ ਪੀ.ਐਚ. ਹੁੰਦਾ ਹੈ 6.5-8.5 ਦੇ ਵਿਚਕਾਰ ! ਇਸ ਵਿਚ ਹੁੰਦੇ ਨੇ ਲੋੜੀਂਦੇ ਲੂਣ ਤੇ ਹੋਰ ਪਦਾਰਥ ਵੀ ।

**ਮਰਦ ਸੂਤਰਧਾਰ:** ਕਲੋਰਾਈਡ, ਸਲਫੇਟ, ਬਾਈਕਾਰਬੋਨੇਟ, ਕਾਰਬੋਨੇਟ ਆਦਿ ਲਵਣ ਪਾਣੀ ਨੂੰ ਬਣਾ ਦਿੰਦੇ ਨੇ ਭਾਰਾ, ਉਹ ਸਹਿਜੇ ਨਹੀਂ ਬਣਾਉਂਦਾ ਝੱਗ ਸਾਬਣ ਦੇ ਨਾਲ !

**ਔਰਤ ਸੂਤਰਧਾਰ:** ਪਾਣੀ ਵਿੱਚ ਰਲੇ , ਉਦਯੋਗਾਂ ਦੇ ਰਿਸਾਵ ਵਿੱਚਲੇ ਸਲਫਾਈਡ, ਨਾਈਟ੍ਰੇਟ, ਸਲਫੇਟ, ਫਾਸਫੇਟ ਵਰਗੇ ਅਕਾਰਬਨਿਕ ਪ੍ਰਦੂਸ਼ਕਾਂ ਦੇ ਵਿਘਟਣ ਨਾਲ ਨਿਕਲਦੀ ਹੈ ਦੁਰਗੰਧ !

**ਮਰਦ ਸੂਤਰਧਾਰ:** ਪਾਣੀ ਦੀ ਸ਼ੁਧਤਾ ਜਾ ਮਲੀਨਤਾ ਮਾਪਣ ਵਾਸਤੇ ਮਿਣਦੇ ਨੇ ਮਾਤਰਾ ਸੀ.ਓ.ਡੀ., ਬੀ.ਓ.ਡੀ. ਤੇ ਡੀ. ਓ. ਦੀ ।ਨਾਲ ਹੀ ਗਿਣਤੀ ਕੀਤੀ ਜਾਂਦੀ ਹੈ ਕੋਲੀਫਾਰਮ ਜੀਵਾਣੂਆਂ ਦੀ ।

**ਔਰਤ ਸੂਤਰਧਾਰ:** ਸੀ.ਓ. ਡੀ. ਯਾਣੀ ਕਿ ਕੈਮੀਕਲ ਆਕਸੀਜਨ ਡੀਮਾਂਡ, ਹੈ ਆਕਸੀਜਨ ਦੀ ਉਹ ਮਾਤਰਾ ਲੋੜ ਹੁੰਦੀ ਹੈ ਜਿਸਦੀ ਅਕਾਰਬਨਿਕ ਤੇ ਕਾਰਬਨਿਕ ਪਦਾਰਥਾਂ ਦੇ ਵਿਘਟਣ ਦੇ ਵਾਸਤੇ ।

**ਮਰਦ ਸੂਤਰਧਾਰ:** ਬੀ.ਓ.ਡੀ. (ਬਾਇਓਲੋਜੀਕਲ ਆਕਸੀਜਨ ਡੀਮਾਂਡ) , ਆਕਸੀਜਨ ਦੀ ਉਹ ਮਾਤਰਾ ਹੈ ਜਿਸ ਦੀ ਲੋੜ ਹੁੰਦੀ ਹੈ ਜੈਵਿਕ ਪਦਾਰਥਾਂ ਦੇ ਵਿਘਟਣ ਦੇ ਵਾਸਤੇ ।

**ਔਰਤ ਸੂਤਰਧਾਰ:** ਜਿਸ ਪਾਣੀ ਲਈ ਵੱਧ ਸੀ.ਓ.ਡੀ. ਤੇ/ ਬੀ.ਓ.ਡੀ. ਦੀ ਲੋੜ ਹੋਵੇ ਉਹ ਉਨਾਂ ਹੀ ਜਿਆਦਾ ਹੁੰਦਾ ਹੈ ਮਲੀਨ !

**ਮਰਦ ਸੂਤਰਧਾਰ:** ਡੀ. ਓ. ਆਕਸੀਜਨ ਦੀ ਉਹ ਮਾਤਰਾ ਹੈ ਜੋ ਰਸਾਇਣਿਕ, ਤੇ ਜੈਵਿਕ ਅਸੁੱਧੀਆਂ ਦੇ ਵਿਘਟਣ ਤੋਂ ਬਾਅਦ ਜਾਂਦੀ ਹੈ ਬਚ । ਜਿੰਨੀ ਜਿਆਦਾ ਡਿਜ਼ੋਲਵਡ ਆਕਸੀਜਨ- ਉਨਾਂ ਹੀ ਪਾਣੀ ਘਟ ਮਲੀਨ ।

**ਔਰਤ ਸੂਤਰਧਾਰ:** ਉਦਯੋਗਾਂ ਅਤੇ ਖੇਤੀ ਤੋਂ ਆਉਣ ਵਾਲੇ ਪ੍ਰਦੂਸ਼ਕਾਂ ਦੇ ਨਾਲ ਨਾਲ ਘਰਾਂ ਦੀਆਂ ਰਸੋਈਆਂ ਤੇ ਗੁਸਲਖਾਨਿਆਂ ਦੇ ਰਸਾਇਣ ਤੇ ਮਨੁੱਖੀ ਮਲ ਵੀ ਨੇ ਵੱਡੇ ਪ੍ਰਦੂਸ਼ਕ ਪਾਣੀ ਦੇ !

**ਔਰਤ ਸੂਤਰਧਾਰ:** ਸਮੁੰਦਰਾਂ ਵਿੱਚ ਤੇਲ ਆਦਿ ਦਾ ਰਿਸਾਵ ਵੀ ਇੱਕ ਵੱਡਾ ਕਾਰਕ ਹੈ ਪਾਣੀ ਦੀ ਮਲੀਨਤਾ ਦਾ !

**ਮਰਦ ਸੂਤਰਧਾਰ:** ਪਾਣੀ ਨੂੰ ਸਾਫ ਕਰਨ ਦੀਆਂ ਘਰੇਲੂ ਵਿਧੀਆਂ ਵੀ ਨੇ ਉਪਲਬਧ ! ਕੋਲਾ ਰੇਤ ਤੇ ਕੰਕੜਾਂ ਰਾਹੀਂ ਪਾਣੀ ਸਾਫ ਕਰਨਾ, ਨਿਤਾਰ ਕੇ ਤੇ ਉਬਾਲ ਕੇ ਪਾਣੀ ਸਾਫ ਕਰਨਾ, ਪੁਣ ਕੇ ਪਾਣੀ ਸਾਫ ਕਰਨਾ ! ਬਾਰਸ਼ ਦੇ ਦਿਨਾਂ ਵਿੱਚ ਪਾਣੀ ਵਿੱਚ ਕਲੋਰੀਨ ਦੀਆਂ ਗੋਲੀਆਂ ਪਾ ਕੇ ਵੀ ਕੰਮ ਚੱਲ ਜਾਂਦਾ ਹੈ !

**ਔਰਤ ਸੂਤਰਧਾਰ:** ਵੱਡੇ ਪੱਧਰ ਤੇ ਪਾਣੀ ਸਾਫ ਕਰਨ ਵਾਸਤੇ ਬਲੀਚਿੰਗ ਪਾਊਡਰ ਦੀ ਵਰਤੋਂ ਹੁੰਦੀ ਹੈ ।ਫਟਕੜੀ ਤੇ ਲੋਹ ਦੇ ਲਵਣ ਵੀ ਵਰਤੇ ਜਾਂਦੇ ਹਨ !

**ਮਰਦ ਸੂਤਰਧਾਰ:** ਪੇਅ ਜਲ ਦੀ ਸ਼ੁਧੱਤਾ ਮਾਪਣ ਵਾਸਤੇ ਪੰਜਾਬ ਵਿੱਚ ਜਨ ਸਿਹਤ ਪ੍ਰਯੋਗਸ਼ਾਲਾ ਹੈ । ਕੋਈ ਵੀ ਉਥੇ ਜਾ ਕੇ ਪਾਣੀ ਟੈਸਟ ਕਰਵਾ ਸਕਦਾ ਹੈ !

**ਔਰਤ ਸੂਤਰਧਾਰ:** ਭਾਰਤ ਵਿੱਚ ਸ਼ੁੱਧ ਪਾਣੀ ਦੇ ਮਾਨਕਾਂ ਅਨੁਸਾਰ ਗੰਧਲੇਪਨ ਦੀ ਹੱਦ ਹੈ 25 ਪਾਰਟਸ ਪ੍ਰਤੀ ਦਸ ਲੱਖ ਇਕਾਈਆਂ ( 25 ਪੀ ਪੀ ਐਮ )

**ਮਰਦ ਸੂਤਰਧਾਰ:** ਭਾਰਤੀ ਮਾਨਕ ਬਿਊਰੋ ਮੁਤਾਬਕ ਪੀਣ ਵਾਲੇ ਪਾਣੀ ਦੀ ਕਠੋਰਤਾ ਦੀ ਹੱਦ 500 ਪੀ.ਪੀ.ਐੱਮ. ਅਤੇ ਪੀ.ਐਚ. ਦੀ ਹੱਦ 6.5 ਤੋਂ 8.5 ਹੈ !

**ਔਰਤ ਸੂਤਰਧਾਰ:** ਪਰ ਆਰ ਓ ਪਾਣੀ ਦੀ ਪੀ ਐਚ ਤਾਂ ਹੁੰਦੀ ਹੈ ਕੇਵਲ 5 ਤੋਂ 7 ਤੱਕ ਹੀ ਜਦ ਕਿ ਮਾਨਕ ਬਿਓਰੋ ਅਨੁਸਾਰ ਘੱਟ ਤੋਂ ਘੱਟ ਚਾਹੀਦੀ ਹੈ 6.5

**ਮਰਦ ਸੂਤਰਧਾਰ:** ਆਹੋ ਜੀ ! ਸੋਚਨ ਵਾਲੀ ਗੱਲ ਤਾਂ ਹੈ ਹੀ !

**ਔਰਤ ਸੂਤਰਧਾਰ:** ਕਲੋਰਾਈਡ (250), ਆਰਸੈਨਿਕ (0.01), ਕੈਡਮੀਅਮ (0.003), ਕ੍ਰੋਮੀਅਮ (0.05), ਲੈੱਡ (0.01), ਮਰਕਰੀ (0.001) ਸਲੀਨੀਅਮ (0.01) **ਮਿਲੀਗਰਾਮ ਪ੍ਰਤੀ ਲਿਟਰ** ਉਪਰਲੀ ਹੱਦ ਹੈ ।

**ਮਰਦ ਸੂਤਰਧਾਰ:** ਪਾਣੀ ਦਾ ਜੈਵਿਕ ਪ੍ਰਦੂਸ਼ਣ ਕਰਦੇ ਨੇ ਉੱਲੀ, ਬੈਕਟੀਰੀਆ, ਪ੍ਰੋਟੋਜ਼ੋਆ, ਰੋਗਾਣੂ, ਸੂਖਮਜੀਵ, ਵਿਸ਼ਾਣੂ, ਪਰਜੀਵੀ ਤੇ ਉਨ੍ਹਾਂ ਦੇ ਅੰਡੇ ਆਦਿ !

**ਔਰਤ ਸੂਤਰਧਾਰ:** ਦੁਨੀਆਂ ਦੇ 160 ਕਰੋੜ ਲੋਕ ਗੰਦੇ ਪਾਣੀ ਪੀਣ ਕਾਰਨ ਹੋ ਜਾਂਦੇ ਨੇ ਸ਼ਿਕਾਰ ਬਿਮਾਰੀਆਂ ਦਾ! ਸੰਸਾਰ ਵਿੱਚ ਰੋਜ਼ਾਨਾ ਕਰੀਬ ਇਕ ਹਜ਼ਾਰ ਬੱਚੇ, ਪ੍ਰਦੂਸ਼ਿਤ ਪਾਣੀ ਕਾਰਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਨਾਲ ਮਰ ਜਾਂਦੇ ਨੇ ।ਹੁੰਦਾ ਹੈ ਬਹੁਤ ਨੁਕਸਾਨ ਅਰਥ ਵਿਵਸਥਾ ਅਤੇ ਰੋਜ਼ਗਾਰ ਦਾ ਵੀ !

**ਮਰਦ ਸੂਤਰਧਾਰ:** ਇਸੇ ਕਰਕੇ ਸੰਯੁਕਤ ਰਾਸ਼ਟਰ ਸੰਗਠਨ ਦੁਆਰਾ ਮਿਥੇ ਟਿਕਾਊ ਵਿਕਾਸ ਦੇ 17 ਟੀਚਿਆਂ ਵਿਚੋਂ ਇੱਕ ਟੀਚਾ ਪੀਣ ਵਾਲੇ ਪਾਣੀ ਦੀ ਪ੍ਰਾਪਤੀ ਵੀ ਹੈ।

**ਔਰਤ ਸੂਤਰਧਾਰ:** ਅਹਿਮ ਹੈ ਇਸ ਟੀਚੇ ਦੀ ਪ੍ਰਾਪਤੀ ! ਵਿਸ਼ੇਸ਼ ਕਰਕੇ ਔਰਤਾਂ ਦੀ ਬੰਦ ਖਲਾਸੀ ਵਾਸਤੇ !

**ਮਰਦ ਸੂਤਰਧਾਰ:** ਔਰਤਾਂ ਦੀ ਬੰਦ ਖਲਾਸੀ ਤੇ ਪਾਣੀ ? ਕੀ ਸਬੰਧ ਹੈ ਇਨ੍ਹਾਂ ਦਾ ਭਲਾ ?

**ਔਰਤ ਸੂਤਰਧਾਰ:** ਮਰਦਾਂ ਕੀ ਜਾਣਨ ਔਰਤਾਂ ਦੇ ਦੁਖੜੇ! ਉਨ੍ਹਾਂ ਦੀ ਨਜਰੇ ਤਾਂ ਔਰਤਾਂ ਰਹਿੰਦੀਆਂ ਨੇ ਵਿਹਲੀਆਂ! ਭਲਾ ਦੱਸੋ ! ਜੇ ਟਿਕਾਊ ਵਿਕਾਸ ਦੇ ਟੀਚਿਆਂ ਤਹਿਤ, ਪਿੰਡਾਂ ਵਿੱਚ ਪੇਅ ਜਲ ਉਪਲਬਧ ਹੋ ਜਾਵੇ ਤਾਂ ਘੱਟੋ ਘੱਟ ਪੀਣ ਦੇ ਪਾਣੀ ਦੇ ਘੜੇ ਲਿਆਉਣ ਵਾਸਤੇ ਹਰ-ਰੋਜ ਦੇ ਮੀਲਾਂ ਦੇ ਪੈਂਡੇ ਤੋਂ ਤਾਂ ਖਹਿੜਾ ਛੁੱਟੂ ਔਰਤਾਂ ਦਾ ।

**ਮਰਦ ਸੂਤਰਧਾਰ:** ਹਾਂ ! ਸੁਣਿਆ ਤਾਂ ਹੈ ਕਿ ਰਾਜਸਥਾਨ ਦੇ ਜੈਸਲਮੇਰ ਵਰਗੇ ਇਲਾਕਿਆਂ ਵਿੱਚ ਤਾਂ ਔਰਤਾਂ ਦਾ ਜੀਵਣ ਹੀ ਪਾਣੀ ਢੋਣ ਵਿੱਚ ਬੀਤ ਜਾਂਦਾ ਹੈ ।

**ਔਰਤ ਸੂਤਰਧਾਰ:** ਪਾਣੀ ਦੀ ਕਿੱਲਤ ਤਾਂ ਪੁਰਾਣੇ ਵਖਤਾਂ ਨਾਲੋਂ ਵੀ ਵਧ ਰਹੀ ਹੈ! ਕਰ ਲਿਆ ਹੈ ਕਿਨਾਰਾ ਅਸੀਂ ਪਾਣੀ ਸਹੇਜਣ ਦੇ ਰਵਾਇਤੀ ਢੰਗਾਂ ਨੂੰ ਆਧੁਨਿਕ ਤਕਨੀਕਾਂ ਨਾਲ ਜੋੜਣ ਤੋਂ ਹੀ !

**ਮਰਦ ਸੂਤਰਧਾਰ:**ਪਾਣੀ ਸੁਰੱਖਿਅਣ ਜਾਂ ਪਾਣੀ ਬਚਾਉਣ 'ਤੇ ਵੀ ਨਹੀਂ ਦਿੰਦੇ ਕੋਈ ਧਿਆਨ ਬਲਕਿ ਰੋੜ੍ਹਦੇ ਰਹਿੰਦੇ ਹਾਂ ਪਾਣੀ ਵਾਧੂ ਹੀ !

**ਔਰਤ ਸੂਤਰਧਾਰ:** ਕਈ ਅਮੀਰਜਾਦੇ ਕਹਿੰਦੇ ਨੇ ਕਿ ਅਸੀਂ ਤਾਰਦੇ ਹਾਂ ਮੁੱਲ, ਫਿਰ ਚਾਹੇ ਅਸੀਂ ਪਾਣੀ ਡੋਲੀਏ ਜਾਂ ਬਚਾਈਏ ! ਸਾਡੇ ਤੇ ਕਿੰਤੂ ਪ੍ਰੰਤੂ ਕਰਨ ਦਾ ਕੀ ਅਧਿਕਾਰ ?

**ਮਰਦ ਸੂਤਰਧਾਰ:** ਮੁੱਲ ! ਮੁੱਲ ਤਾਂ ਸ੍ਰੋਤਿਆਂ ਨੇ ਸੁਣ ਹੀ ਲਿਆ ਕਿੰਨਾ ਕੁ ਤਾਰਦੇ ਨੇ ਇਹ ਅਮੀਰਜਾਦੇ ! ਤੇ ਅਧਿਕਾਰ ? ਵਾਹ ਕਿਹੜਾ ਅਧਿਕਾਰ ! ਪੈਸੇ ਤਾਂ ਇਨ੍ਹਾਂ ਦੇ ਆਪਣੇ ਨੇ ਜਰੂਰ, ਪਰ ਕੁਦਰਤੀ ਸ੍ਰੋਤ ਤਾਂ ਇਨ੍ਹਾਂ ਦੀ ਮਲਕੀਅਤ ਨਹੀਂ ! ਉਹ ਤਾਂ ਪੈਸੇ ਨਾਲ ਵੀ ਇਨ੍ਹਾਂ ਨੂੰ ਕੇਵਲ ਵਰਤੋਂ ਵਾਸਤੇ ਹੀ ਮਿਲ ਸਕਦੇ ਨੇ ਫਜੂਲ ਜਾਇਆ ਕਰਨ ਵਾਸਤੇ ਨਹੀਂ !

…………**ਦ੍ਰਿਸ਼ ਬਦਲਾਅ ਸੰਗੀਤ** …………

## ਦ੍ਰਿਸ਼ -2

ਗੱਡੀ ਦਾ ਡੱਬਾ ! ਸੀਟਾਂ ਰਾਖਵੀਆਂ ਨੇ ! ਮੁਸਾਫਰ ਖੜ੍ਹੇ ਨੇ !

**ਔਰਤ ਸੂਤਰਧਾਰ:** ਸੀਟਾਂ ਖਾਲੀ ਨੇ ਪਰ ਫਿਰ ਵੀ ਸਾਨੂੰ ਕਿਉਂ ਨਹੀਂ ਮਿਲ ਰਹੀਆਂ ?

**ਮਰਦ ਸੂਤਰਧਾਰ:** ਬਈ ਭਾਗਮਾਨੇ ਇਹ ਤਾਂ ਰਿਜਰਵ ਡੱਬਾ ਹੈ । ਇਨ੍ਹਾਂ ਸੀਟਾਂ ਦੇ ਵਾਧੂ ਪੈਸੇ ਦਿੱਤੇ ਨੇ ਤੇ ਰਾਖਵੀਆਂ ਰਖਵਾਈਆਂ ਨੇ !

**ਔਰਤ ਸੂਤਰਧਾਰ:** ਪਰ ਰਾਖਵੀਆਂ ਰਖਵਾ ਕੇ ਇਹ ਸੀਟਾਂ ਖਾਲੀ ਕਿਉਂ ਰੱਖੀਆਂ ਨੇ ? ਜਿਨ੍ਹਾਂ ਕੋਲ ਪੈਸਾ ਹੈ ਉਹ ਤਾਂ ਇਸ ਤਰ੍ਹਾਂ ਸਾਰੀਆਂ ਸੀਟਾਂ ਰਾਖਵੀਆਂ ਕਰਵਾਕੇ ਲੋਕਾਂ ਦੀ ਜੀਣਾ ਦੁੱਭਰ ਕਰ ਦੇਣਗੇ ! ਇਸ ਤਰ੍ਹਾਂ ਗੱਡੀ ਖਾਲੀ ਚਲਾ ਕੇ ਤਾਂ ਅਸੀਂ ਕਰ ਰਹੇ ਹਾਂ ਨੁਕਸਾਨ , ਸੀਮਤ ਸ੍ਰੋਤਾਂ ਦਾ ਵੀ !

**ਮਰਦ ਸੂਤਰਧਾਰ:** ਠੀਕ ਹੈ ਤੇਰੀ ਵੀ ਗੱਲ ਪ੍ਰਭਾਣੀ ! ਇਸੇ ਕਰਕੇ ਤਾਂ ਰੇਲਵੇ ਦਾ ਹੈ ਇਹ ਨਿਯਮ ! ਜੇ ਕਰ ਚੱਲਣ ਵਾਲੇ ਸਟੇਸ਼ਨ ਤੋਂ ਅਗਲੇ ਸਟੇਸ਼ਨ ਤੱਕ ਰਿਜ਼ਰਵੇਸ਼ਨ ਵਾਲਾ ਮੁਸਾਫਰ ਸੀਟ ਨਾ ਮੱਲੇ ਤਾਂ ਉਸਦੇ ਪੈਸੇ ਵੀ ਜਬਤ ਤੇ ਸੀਟ ਵੀ ਕਿਸੇ ਹੋਰ ਨੂੰ ਅਲਾਟ ਹੋ ਜਾਂਦੀ ਹੈ ।

**ਔਰਤ ਸੂਤਰਧਾਰ:** ਵਾਹ ਤਾਂ ਤੇ ਪਾਣੀ ਵਰਗੇ ਭੋਜਨ ਵਰਗੇ ਕੁਦਰਤੀ ਸ੍ਰੋਤਾਂ ‘ਤੇ ਵੀ ਅਜਿਹੇ ਹੀ ਨਿਯਮ ਲਾਗੂ ਕਰਨੇ ਬਣਦੇ ਨੇ ! ਵਰਤੋਂ ਵਾਸਤੇ ਉਪਲਬਧ ਕਰਵਾਓ ਪਰ ਫਾਲਤੂ ਅਜਾਂਈਂ ਗੁਆਉਣ ਵਾਲਿਆਂ ਤੋਂ ਵਸੂਲੋ ਜੁਰਮਾਨੇ, ਕਰਵਾਓ ਅਹਿਦ ਕਿ ਅੱਗੋਂ ਤੋਂ ਅਜਾਈਂ ਨਹੀਂ ਗੁਆਉਣਗੇ !

**ਮਰਦ ਸੂਤਰਧਾਰ:** ਗੱਲ ਤਾਂ ਠੀਕ ਹੈ, ਪਰ ਪੈਪਸੀ ਕੋਕ ਵਰਗੀਆਂ ਕੰਪਨੀਆਂ ਨੂੰ ਕੌਣ ਰੋਕੇ ਇਸ ਪਾਣੀ ਨੂੰ ਜਾਇਆ ਕਰਨ ਤੋਂ ?

**ਔਰਤ ਸੂਤਰਧਾਰ:** ਇਸ ਤਰ੍ਹਾਂ ਤਾਂ ਬਿਨਾ ਲੋੜ ਆਰ ਓ ਉਪਕਰਨਾਂ ਦੀ ਵਿਕਰੀ ਵਧਾਉਣ ਵਾਸਤੇ ਵੀ ਤਾਂ ਕੰਪਨੀਆਂ ਤਰ੍ਹਾਂ ਤਰ੍ਹਾਂ ਦੇ ਹਰਬੇ ਵਰਤ ਕੇ ਗੁੰਮਰਾਹ ਕੁੰਨ ਪ੍ਰਚਾਰ ਨਾਲ ਪਾਣੀ ਦੀ ਬਰਬਾਦੀ ਕਰ ਰਹੀਆਂ ਹਨ । ਕੀ ਫਿਰ ਚੁੱਪ ਬੈਠ ਜਾਈਏ ?

**ਮਰਦ ਸੂਤਰਧਾਰ:** ਨਹੀਂ ਨਹੀਂ ! ਚੁੱਪ ਨਹੀਂ ਬੈਠਦੇ ਲੋਕ! ਪਾਣੀ ਸੁਰੱਖਿਅਣ ਵਾਸਤੇ ਇਨ੍ਹਾਂ ਦੇ ਵਿਰੁੱਧ ਹੁਣ ਲੋਕ ਲਾਮਬੰਦ ਹੋ ਰਹੇ ਨੇ !

**ਔਰਤ ਸੂਤਰਧਾਰ:** ਹਾਂ ਜੀ ! ਕੁਦਰਤੀ ਦਾਤ ‘ਤੇ ਕਰਕੇ ਕਬਜਾ ਬਣਾ ਦਿੱਤਾ ਇਸ ਨੂੰ ਵਪਰਕ ਵਸਤੂ ! ਬੋਤਲਾਂ ਵਿੱਚ ਬੰਦ ਇਹ ਪਾਣੀ ਵਿਕ ਰਿਹਾ ਹੈ 30 ਤੋਂ 50 ਰੁਪਏ ਲਿਟਰ ਮਾਲਜ਼ ਦੇ ਵਿੱਚ !

**ਮਰਦ ਸੂਤਰਧਾਰ:**ਪਾਣੀ ਦੇ ਸੁਰੱਖਿਅਣ ਵਾਸਤੇ ਲੋੜ ਹੈ ਕਿ ਸਾਡੇ ਸਿਆਸਤਦਾਨਾਂ, ਪ੍ਰਸ਼ਾਸ਼ਨਿਕ ਅਧਿਕਾਰੀਆਂ, ਤਕਨੀਕੀ ਮਾਹਰਾਂ ਤੇ ਲੋਕ ਨੁਮਾਇੰਦਿਆਂ ਦੀ ਹਕੀਕੀ ਸਮਝ ਬਣੇ, ਇਸ ਦੀ ਲੋੜ ਤੇ ਮਹੱਤਤਾ ਪ੍ਰਤੀ !

**ਔਰਤ ਸੂਤਰਧਾਰ:** ਹਾਂ ਜੀ! ਜਲ ਸਾਖਰਤਾ ਹੀ ਇਸ ਚੀਜ ਦੀ ਗਰੰਟੀ ਹੈ ! ਸੰਸਾਰ ਦੇ 70 ਦੇਸਾਂ ਨੇ ਬੋਤਲ ਬੰਦ ਪਾਣੀ ਦੀ ਵਿਕਰੀ ਤੇ ਲਗਾ ਦਿੱਤੀ ਹੈ ਰੋਕ !

**ਮਰਦ ਸੂਤਰਧਾਰ:** ਕੇਰਲ ਵਿਚ ਸਾਫਟ ਡਰਿੰਕ ਬਣਾਉਣ ਵਾਲੀ ਇੱਕ ਕੰਪਨੀ ਹਰ ਰੋਜ ਧਰਤੀ ਹੇਠੋਂ 15 ਲੱਖ ਲੀਟਰ ਪਾਣੀ ਕੱਢ ਰਹੀ ਸੀ।ਇਸ ਉਪਰ ਕੋਰਟ ਨੇ ਹੁਕਮ ਕੀਤਾ ਕਿ ਪਾਣੀ ਸਰਵਜਨਕ ਸੰਪਤੀ ਹੈ ।ਪਾਣੀ ਦਾ ਦੋਹਣ ਅਤੇ ਇਸ ਨੂੰ ਪ੍ਰਦੂਸ਼ਿਤ ਕਰਨਾ ਨਾਗਰਿਕਾਂ ਦੇ ਸੰਵਿਧਾਨਿਕ ਅਧਿਕਾਰ ਦੀ ਉਲੰਘਣਾ ਹੈ !

**ਔਰਤ ਸੂਤਰਧਾਰ:** ਕੰਪਨੀ ਦੁਆਰਾ ਤਾਂ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਵੀ ਕੀਤਾ ਜਾ ਰਿਹਾ ਸੀ।ਪਾਣੀ ਦਾ ਪੱਧਰ 150 ਤੋਂ 200 ਫੁੱਟ ਤੱਕ ਨੀਵਾਂ ਚਲਾ ਗਿਆ ਸੀ 260 ਟਿਊਬਵੈੱਲ ਸੁੱਕ ਗਏ ਸਨ ਤੇ ਸਿਹਤ ਅਧਿਕਾਰੀਆਂ ਨੇ ਇਸ ਪਾਣੀ ਨੂੰ ਪੀਣ ਦੇ ਅਯੋਗ ਠਹਿਰਾ ਦਿੱਤਾ ਸੀ । ਇਨ੍ਹਾਂ ਹਾਲਤਾਂ ਵਿੱਚ ਇਹ ਫੈਸਲਾ ਹੋਰ ਵੀ ਜਿਆਦਾ ਮਹੱਤਵਪੂਰਨ ਬਣ ਗਿਆ !

**ਮਰਦ ਸੂਤਰਧਾਰ:** ਜਲ ਸੁਰੱਖਿਅਣ ਦੇ ਕਾਰਜ ਵਿੱਚ ਲੋਕ ਤੇ ਸਰਕਾਰ ਇੱਕੋ ਦਿਸ਼ਾ ਵਿੱਚ ਆ ਗਏ। ਇੱਕ ਪਾਸੇ ਸਰਕਾਰ ਜਲ ਸੁਰੱਖਿਅਣ ਨਿਯਮ ਬਣਾ ਰਹੀ ਹੈ ਤੇ ਦੂਜੇ ਪਾਸੇ ਲੋਕ ਵਰਖਾ ਦੇ ਪਾਣੀ ਨੂੰ ਸਹੇਜਣ ਦਾ ਕੰਮ ਵੀ ਤੇਜੀ ਤੇ ਤਨਦੇਹੀ ਨਾਲ ਕਰ ਰਹੇ ਹਨ !

**ਔਰਤ ਸੂਤਰਧਾਰ:** ਕੇਰਲਾ, ਮੱਧ ਪ੍ਰਦੇਸ, ਰਾਜਸਥਾਨ ਵਰਗੇ ਸੂਬੇ ਪਾਣੀ ਸਹੇਜਣ ਤੇ ਸੁਰੱਖਿਅਣ ਦੀਆਂ ਬਹੁਤ ਵਧੀਆ ਉਦਹਾਰਣਾਂ ਹਨ !

**ਮਰਦ ਸੂਤਰਧਾਰ:** ਪਰ ਸਾਡੇ ਪੰਜਾਬ ਵਿੱਚ ਤਾਂ ਪਿੰਡਾਂ ਦੇ ਟੋਭੇ ਵੀ ਪੂਰ ਦਿੱਤੇ ਤੇ ਸ਼ਹਿਰਾਂ ਵਿੱਚ ਛੱਤਾਂ ਦੇ ਪਾਣੀ ਨੂੰ ਸਹੇਜਣ ਦੀ ਰਵਾਇਤ ਹੀ ਨਹੀਂ ਪਈ ।

**ਔਰਤ ਸੂਤਰਧਾਰ:** ਸਾਨੂੰ ਵੀ ਇਸ ਦਿਸ਼ਾ ਵਿੱਚ ਕਦਮ ਉਠਾਉਣ ਦੀ ਲੋੜ ਹੈ ਤਾਕਿ ਬਾਅਦ ਵਿੱਚ ਪਛਤਾਉਣਾ ਨਾ ਪਵੇ !

**ਮਰਦ ਸੂਤਰਧਾਰ:** ਵਰਖਾ ਦੇ ਪਾਣੀ ਨੂੰ ਸਹੇਜਣਾ, ਪਾਣੀ ਦਾ ਸੁਰੱਖਿਅਣ ਤੇ ਸਫਾਈ, ਪਾਣੀ ਫਾਲਤੂ ਗਵਾਉਣ ਦੀ ਆਦਤ ਛੱਡਣਾ, ਕਾਰਖਾਨਿਆਂ ਦੇ ਗੰਦੇ ਪਾਣੀ ਨੂੰ ਬਿਨਾ ਸਾਫ ਕੀਤੇ ਦਰਿਆਵਾਂ ਵਿੱਚ ਸੁੱਟਣ ਨਾ ਦੇਣਾ ਆਦਿ ਕੁੱਝ ਅਜਿਹੇ ਮੰਤਰ ਹਨ ਜਿਨ੍ਹਾਂ ਨਾਲ ਅਸੀਂ ਪੁੱਟ ਸਕਦੇ ਹਾਂ ਪੁਲਾਂਘ , ਜਲ ਸੰਕਟ ਤੋਂ ਬਚਣ ਵੱਲ !

**ਔਰਤ ਸੂਤਰਧਾਰ:** ਸਾਡੇ ਟੋਭੇ ਬੰਦ ਹੋ ਰਹੇ ਨੇ, ਬੋਰ ਤੇ ਟਿਊਬਵੈੱਲ ਸੁੱਕ ਰਹੇ ਨੇ !

**ਮਰਦ ਸੂਤਰਧਾਰ:** ਸਾਡੀਆਂ ਨਦੀਆਂ ਤੇ ਦਰਿਆਵਾਂ ਦਾ ਪਾਣੀ ਵੀ ਹੋ ਰਿਹਾ ਹੈ ਮਲੀਨ !

**ਔਰਤ ਸੂਤਰਧਾਰ:** ਸਤਲੁਜ ਦਾ ਪਾਣੀ ਬਣ ਗਿਆ ਡੀ ਕਲਾਸ ਬੁਢੇ ਨਾਲੇ ਦੇ ਗੰਦੇ ਪਾਣੀ ਨਾਲ ! ਤੇ ਬੇਂਈਂ ਦਾ ਗੰਦਾ ਪਾਣੀ ਪੈਣ ਕਰਕੇ ਹੋ ਗਿਆ ਹੋਰ ਵੱਧ ਪ੍ਰਦੂਸ਼ਿਤ ਤੇ ਬਣ ਗਿਆ ਈ ਕਲਾਸ! ਹੁਣ ਤਾਂ ਘੱਗਰ ਦਾ ਪਾਣੀ ਵੀ ਹੋ ਗਿਆ ਈ ਕਲਾਸ !

**ਮਰਦ ਸੂਤਰਧਾਰ:** ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨੇ ਵਿਖਾ ਦਿੱਤਾ ਹੈ ਰਸਤਾ, ਸਾਫ ਕਰਕੇ ਕਾਲੀ ਬੇਂਈਂ ਨੂੰ !

**ਔਰਤ ਸੂਤਰਧਾਰ:** ਪਰ ਇਸ ਨੂੰ ਕਿਹੜਾ ਸਾਫ ਰਹਿਣ ਦਿੰਦੇ ਨੇ! ਉਨ੍ਹਾਂ ਦੇ ਪੈਰੋਕਾਰਾਂ ਨੂੰ ਵੀ ਧਰਨੇ ਲਾਉਣੇ ਪਏ ਕਿ ਉਦਯੋਗਾਂ ਦਾ ਗੰਦਾ ਪਾਣੀ ਇਸ ਵਿੱਚ ਨਾ ਸੁਟਿਆ ਜਾਵੇ !

**ਮਰਦ ਸੂਤਰਧਾਰ:** ਸਾਡੀਆਂ ਜਲਗਾਹਾਂ ‘ਤੇ ਪੈਂਦੀਆਂ ਪਰਾ ਬੈਂਗਣੀ ਕਿਰਣਾਂ ਕਰਦੀਆਂ ਨੇ ਸਾਫ ਪਾਣੀ ਨੂੰ !

**ਔਰਤ ਸੂਤਰਧਾਰ:** ਹਾਂ ! ਸਾਫ ਤਾਂ ਹੋ ਜਾਂਦਾ ਹੈ, ਪਰ ਜੇ ਟਿਕਿਆ ਰਹਿਣ ਦਿੱਤਾ ਜਾਵੇ ਲੰਬੇ ਸਮੇ ਵਾਸਤੇ !

**ਮਰਦ ਸੂਤਰਧਾਰ:** 2050 ਤੱਕ ਸੰਸਾਰ ਦੇ ਇੱਕ ਚੁਥਾਈ ਲੋਕ ਤਰਸ ਜਾਣਗੇ ਪੀਣ ਦੇ ਪਾਣੀ ਨੂੰ ਵੀ !

**ਔਰਤ ਸੂਤਰਧਾਰ:** ਹਾਂ ਜੀ ! ਜਲ ਨੂੰ ਨਿਰਮਲ ਰੱਖਣ ਵਾਸਤੇ ਲੋਕਾਂ ਨੂੰ ਚੇਤੰਨ ਹੋ ਕੇ ਇਕੱਠੇ ਤਾਂ ਹੋਣਾ ਹੀ ਪਊ !

**ਮਰਦ ਸੂਤਰਧਾਰ:** ਪਾਣੀ ਦੇ ਸ੍ਰੋਤਾਂ ਦੇ ਜਲ ਪੱਧਰ ਦਾ ਵੱਡਾ ਸੋਮਾ ਹੈ ਮੀਂਹ ! ਭਾਰਤ ਵਿੱਚ ਜਿੱਥੇ 100 ਸੈਂਟੀ ਮੀਟਰ ਜਾ ਇਸ ਤੋਂ ਵੱਧ ਸਾਲਾਨਾ ਵਰਖਾ ਹੁੰਦੀ ਹੈ ਉਥੋਂ ਦੇ ਜਲ ਸ੍ਰੋਤਾਂ ਦਾ ਪੱਧਰ ਨੀਚੇ ਨਹੀਂ ਡਿਗਦਾ !

**ਔਰਤ ਸੂਤਰਧਾਰ:** ਪਰ ਅਸੀਂ ਰੁੱਖ ਤਾਂ ਦਿੱਤੇ ਨੇ ਵੱਢ, ਬਣਾ ਦਿੱਤੀਆਂ ਚੌੜੀਆਂ ਸੜਕਾਂ ਤੇ ਪੁਲ, ਕਿਵੇਂ ਜ਼ਜ਼ਬ ਹੋਵੇਗਾ ਬਾਰਸ਼ ਦਾ ਇਹ ਪਾਣੀ ?

**ਮਰਦ ਸੂਤਰਧਾਰ:** ਲੋਕਾਂ ਨੇ ਤਾਂ ਪੁਰਾਣੇ ਜ਼ਮਾਨੇ ਤੋਂ ਹੀ ਰਾਜਸਥਾਨ ਵਰਗੇ ਘੱਟ ਬਾਰਸ਼ ਵਾਲੇ ਇਲਾਕਿਆਂ ਵਿੱਚ ਵੀ ਕੀਤੀ ਹੈ ਸੰਭਾਲ ਪਾਣੀ ਦੀ !

**ਔਰਤ ਸੂਤਰਧਾਰ:** ਹਾਂ ਜੀ ! ਇਨ੍ਹਾਂ ਦੀਆਂ ਬਾਵੜੀਆਂ , ਪੋਖਰਾਂ , ਨਾਡੀਆਂ ਤੇ ਜੋਹੜਾਂ ਨੇ ਹੀ ਬਚਾਇਆ ਹੈ ਹਰ ਤੁਪਕਾ ਪਾਣੀ ਦਾ ।

**ਮਰਦ ਸੂਤਰਧਾਰ:** ਜਲ ਪੁਰਸ਼ ਰਾਜਿੰਦਰ ਸਿੰਘ ਜੀ ਨੇ ਲੋਕਾਂ ਨੂੰ ਕੀਤਾ ਹੈ ਜਾਗਰੂਕ ਤੇ ਦਿੱਤਾ ਹੈ ਗੁਰ, "ਪਾਣੀ ਬਚਾਓ ਉਥੇ ਹੀ, ਜਿੱਥੇ ਇਹ ਹੈ ਬਰਸਦਾ" ।

**ਔਰਤ ਸੂਤਰਧਾਰ:** ਪਾਣੀ ਦੀ ਕਿੱਲਤ ਹੋ ਗਈ ਉਤਰਾਖੰਡ ਵਿੱਚ ਵੀ , ਸੁੱਕ ਗਏ ਨੌਲੇ ਤੇ ਧਾਰੇ !

**ਮਰਦ ਸੂਤਰਧਾਰ:** ਕਿਉਂ ਜੋ ਆਧੁਨਿਕ ਵਿਕਾਸ ਦੀ ਅੰਨ੍ਹੀ ਦੌੜ ਵਿੱਚ ਕੱਟਦੇ ਗਏ ਅਸੀਂ ਰੁੱਖਾਂ ਨੂੰ ਅੰਧਾ -ਧੁੰਦ !

**ਔਰਤ ਸੂਤਰਧਾਰ:** ਇਸੇ ਕਰਕੇ ਤਾਂ ਹੁਣ ਲੋਕਾਂ ਨੇ ਇਕੱਠੇ ਹੋ ਕੇ ਲਗਾਏ ਨੇ ਬਾਂਸ ਤੇ ਬਰਾਂਸ ਦੇ ਰੁੱਖ , ਨਾਹਰਾ ਹੈ ਬਾਰਸ ਦਾ ਪਾਣੀ ਸੋਖਣ ਵਾਸਤੇ ਲਗਾ ਦੇਈਏ ਰੁੱਖ ਵੱਧ ਤੋਂ ਵੱਧ !

**ਮਰਦ ਸੂਤਰਧਾਰ:** ਸਾਨੂੰ ਨਿਜੀ ਜਿੰਦਗੀ ਵਿੱਚ ਪਾਣੀ ਦੀ ਵਰਤੋਂ ਘਟਾ ਕੇ , ਉਦਯੋਗਾਂ ਵਿੱਚ ਫਾਲਤੂ ਪਾਣੀ ਦੀ ਵਰਤੋਂ ਤੋਂ ਗੁਰੇਜ ਕਰਕੇ ਖੇਤੀ ਵਿੱਚ ਵੀ ਪਾਣੀ ਦੀ ਵਰਤੋਂ ਘਟਾਉਣੀ ਪਵੇਗੀ !

**ਔਰਤ ਸੂਤਰਧਾਰ:** ਹਾਂ ! ਟਿਕਾਊ ਵਿਕਾਸ ਵਾਸਤੇ ਇਹ ਕੁਦਰਤ ਵਿਰੋਧੀ ਰਸਤਾ ਤਾਂ ਬਦਲਣਾ ਹੀ ਪਵੇਗਾ ।

**ਮਰਦ ਸੂਤਰਧਾਰ:** ਸਾਡੇ ਨਰਮਦਾ ਬਚਾਓ , ਟੇਹਰੀ ਬਚਾਓ ਅੰਦੋਲਣ ਟਿਕਾਊ ਵਿਕਾਸ ਲਈ ਹੀ ਤਾਂ ਹਨ !

**ਔਰਤ ਸੂਤਰਧਾਰ:** ਜਿਆਦਾ ਰੁੱਖ ਲਗਾ ਕੇ, ਬਾਰਸ਼ ਦੇ ਪਾਣੀ ਨੂੰ ਸੰਭਾਲ ਕੇ, ਪਾਣੀ ਦੇ ਫਾਲਤੂ ਡੋਲ੍ਹਣ ਨੂੰ ਰੋਕ ਕੇ ਤੇ ਦਰਿਆਵਾਂ ਦੀ ਸਫਾਈ ਵਾਸਤੇ ਜਨਤਕ ਮੁਹਿੰਮਾਂ ਚਲਾ ਕੇ ਸਰਕਾਰਾਂ ਦਾ ਸਾਥ ਲੈ ਕੇ ਹੀ ਅਸੀਂ ਜਲ ਸੁਰੱਖਿਅਣ ਵਿੱਚ ਸਫਲ ਹੋ ਸਕਦੇ ਹਾਂ !

**ਮਰਦ ਸੂਤਰਧਾਰ:** ਪੰਜਾਬ ਵਿੱਚ ਤਾਂ ਪਾਣੀ ਦੀ ਕਿਲੱਤ ਹੀ ਬਹੁਤ ਜਿਆਦਾ ਹੈ ! ਭੂ-ਜਲ ਪੱਧਰ ਹੀ ਹਰ ਸਾਲ ਨੀਵਾਂ ਜਾ ਰਿਹਾ ਹੈ । ਹੁਣ ਤਾਂ ਮੱਛੀ ਮੋਟਰਾਂ ਨਾਲ ਵੀ ਕੰਮ ਨਹੀਂ ਚਲਦਾ, ਬੋਰ ਹਰ ਸਾਲ ਡੂੰਘੇ ਕਰਨੇ ਪੈਂਦੇ ਨੇ !

**ਔਰਤ ਸੂਤਰਧਾਰ:** ਇਸੇ ਕਾਰਨ ਤਾਂ ਕਿਸਾਨ ਕਰਜੇ ਦੇ ਬੋਝ ਥਲੇ ਦਬ ਰਹੇ ਨੇ , ਬੋਰ ਬੈਠ ਗਏ , ਮਾਨਸਾ ਵਿੱਚ ਖੁਦਕਸ਼ੀਆਂ ਦੀ ਲੱਗ ਗਈ ਲਾਈਨ !

**ਮਰਦ ਸੂਤਰਧਾਰ:** ਝੋਨੇ ਨੇ ਖਾ ਲਿਆ ਪੰਜਾਬ ਦਾ ਪਾਣੀ, ਨਾਲੇ ਗੁਆ ਦਿਤਾ ਅਜਾਈਂ ਇਸ ਅਨਮੋਲ ਦਾਤ ਨੂੰ !

**ਔਰਤ ਸੂਤਰਧਾਰ:** ਆਹੋ ਜੀ ! ਹੁਣ ਤਾਂ ਮੁਫਤ ਬਿਜਲੀ ਕਰਕੇ ਟਿਊਬਵੈੱਲ ਬਿਨਾ ਮਤਲਬ ਵੀ ਚਲਦੇ ਰਹਿੰਦੇ ਨੇ!

**ਮਰਦ ਸੂਤਰਧਾਰ:** ਭੂਜਲ ਮਲੀਨ ਹੋ ਰਿਹਾ ਹੈ ਮਲੀਨ ! ਸਿਮ ਰਿਹਾ ਹੈ ਉਦਯੋਗਾਂ ਦਾ ਗੰਦਾ ਪਾਣੀ ਧਰਤੀ ਵਿੱਚ ! ਆਹ ਹਮੀਰੇ ਲਾਗੇ ਕਈ ਪਿੰਡਾਂ ਵਿੱਚ ਪਾਣੀ ਆਉਂਦਾ ਹੈ ਬਿਲਕੁੱਲ ਪੀਲਾ !

**ਔਰਤ ਸੂਤਰਧਾਰ:** ਆਰਸੈਨਿਕ, ਫਲੋਰਾਈਡ, ਆਇਰਨ, ਯੁਰੇਨੀਅਮ ਤੇ ਨਾਈਟ੍ਰੇਟ ਵਰਗੇ ਤੱਤ ਕਰ ਰਹੇ ਨੇ ਭੂ-ਜਲ ਨੂੰ ਪ੍ਰਦੂਸ਼ਿਤ ।ਜਿਆਦਾ ਪ੍ਰਭਾਵਤ ਨੇ ਦੇਸ਼ ਦੇ ਦਸ (10) ਰਾਜ ! ਹਰਿਆਣਾ, ਪੰਜਾਬ, ਉਤਰ ਪ੍ਰਦੇਸ਼, ਬਿਹਾਰ, ਝਾਰਖੰਡ, ਛੱਤੀਸਗੜ, ਪੱਛਮੀ ਬੰਗਾਲ, ਆਸਾਮ, ਮਨੀਪੁਰ ਅਤੇ ਕਰਨਾਟਕ !

**ਮਰਦ ਸੂਤਰਧਾਰ:** ਮਾਲਵਾ ਤਾਂ ਫਲੋਰਾਈਡ ਤੋਂ ਵੀ ਹੈ ਪੀੜਿਤ ! ਪਟਿਆਲਾ ਮੈਡੀਕਲ ਕਾਲਜ ਦੀ ਖੋਜ ਨੇ ਸੱਠਵਿਆਂ ਵਿੱਚ ਹੀ ਦਿੱਤਾ ਸੀ ਦੱਸ ! ਪਰ ਅਸੀਂ ਰਹੇ ਅਵੇਸਲੇ !

**ਔਰਤ ਸੂਤਰਧਾਰ:** ਅਵੇਸਲੇ ਵਰਗੇ ਅਵੇਸਲੇ ? ਟੁੱਥ ਪੇਸਟ ਵੇਚਣ ਵਾਲੀਆਂ ਕੰਪਨੀਆਂ ਸਾਨੂੰ ਗੁਮਰਾਹ ਕਰਕੇ ਉਲਟਾ ਫਲੋਰਾਈਡ ਯੁਕਤ ਟੁੱਥ ਪੇਸਟ ਵੇਚਦੀਆਂ ਰਹੀਆਂ । ਕਰਵਾਉਣ ਲੱਗ ਗਏ ਫਲੋਰਾਈਡ ਦੀਆਂ ਕੁਰਲੀਆਂ!

**ਮਰਦ ਸੂਤਰਧਾਰ:** ਆਹੋ ਬਈ ਕੋਈ ਇਨ੍ਹਾਂ ਨੂੰ ਪੁੱਛੇ ਕਿ ਜੇ ਪਹਿਲਾਂ ਹੀ ਧਰਤੀ ਹੇਠਲੇ ਪਾਣੀ ਵਿੱਚ ਫਲੋਰਾਈਡ ਜਿਆਦਾ ਹੈ ਤਾਂ ਫਲੋਰਾਈਡ ਵਾਲੇ ਪੇਸਟ ਜਾ ਫਲੋਰਾਈਡ ਦੀਆਂ ਕੁਰਲੀਆਂ ਦੀ ਕੀ ਲੋੜ ?

**ਔਰਤ ਸੂਤਰਧਾਰ:** ਭਾਰਤ ਦੇ ਧਰਤੀ ਹੇਠਲੇ 35 ਅਰਬ ਘਣ ਮੀਟਰ ਪਾਣੀ ਵਿੱਚੋਂ 70% ਹੈ ਵਰਖਾ ਜਲ ! ਸਾਡੇ ਦੇਸ ਵਿੱਚ ਤਾਂ ਇੱਕ ਭੂ-ਜਲ ਬੋਰਡ ਵੀ ਬਣਿਆ ਹੋਇਆ ਹੈ, ਜੋ ਕਰਦਾ ਰਹਿੰਦਾ ਹੈ ਅੰਕੜੇ ਇਕੱਤਰ, ਭੂ ਜਲ ਬਾਬਤ !

**ਮਰਦ ਸੂਤਰਧਾਰ:** ਇਸ ਬੋਰਡ ਅਨੁਸਾਰ ਮਹਾਰਾਸਟਰ ਦੇ ਅਹਿਮਦਨਗਰ ਵਿੱਚ ਭੂ-ਜਲ ਪੱਧਰ ਹੈ 153 ਮੀਟਰ, ਪੰਜਾਬ ਵਿੱਚ ਵੀ ਪਿਛਲੇ ਚਾਰ ਦਹਾਕਿਆਂ ਵਿੱਚ ਪਾਣੀ ਪੱਧਰ ਦੇ ਬਹੁਤ ਨੀਵਾਂ ਚਲੇ ਜਾਣ ਦੇ ਨੇ ਅੰਕੜੇ !

**ਔਰਤ ਸੂਤਰਧਾਰ:** ਹਾਂ ਜੀ 113 ਬਲਾਕ ਤਾਂ ਕਾਲੇ ਬਲਾਕ ਕਰਾਰ ਦੇ ਦਿੱਤੇ ਨੇ, ਮਾਨਸਾ ਵਿੱਚ ਪਾਣੀ ਸੈਂਕੜੇ ਫੁੱਟ ਡੂੰਘਾ ਚਲਾ ਗਿਆ ।

**ਮਰਦ ਸੂਤਰਧਾਰ:** ਹੱਲ ਹੈ ਕਿ ਅਸੀਂ ਪਾਣੀ ਫਾਲਤੂ ਜਾਇਆ ਨਾ ਕਰੀਏ ਤੇ ਮੀਂਹ ਦੇ ਪਾਣੀ ਨੂੰ ਸਹੇਜੀਏ!

**ਔਰਤ ਸੂਤਰਧਾਰ:** ਮੀਂਹ ਦਾ ਪਾਣੀ ਕਿਵੇਂ ਸਹੇਜੀਏ ? ਨਵੇਂ ਵਿਕਾਸ ਦੇ ਦੌਰ ਨੇ ਤਾਂ ਟੋਭੇ ਪੂਰ ਦਿੱਤੇ ! ਕਈਆਂ ਨੇ ਤਾਂ ਟੋਭਿਆਂ ਦਾ ਪਾਣੀ ਬਰਸਾਤੀ ਨਾਲਿਆਂ ਵਿੱਚ ਪਾ ਦਿੱਤਾ ! ਸੰਗਰੂਰ ਜਿਲ੍ਹੇ ਦੇ ਪਿੰਡ ਲੱਡਾ ਕੋਠੀ ਵਿੱਚ ਅਗਿਆਨਤਾ ਵਸ ਤਿੰਨ ਕਿਲੋਮੀਟਰ ਪਾਈਪ ਲਾਈਨ ਪਾ ਕੇ ਟੋਭੇ ਦੇ ਪਾਣੀ ਨੂੰ ਡਰੇਨ ਵਿੱਚ ਸੁੱਟ ਦਿੱਤਾ !

**ਮਰਦ ਸੂਤਰਧਾਰ:** ਵੱਧ ਰਿਹਾ ਹੈ ਭੂ-ਜਲ ਦੋਹਨ ! ਜਿੰਨਾ ਪਾਣੀ ਧਰਤੀ ਵਿੱਚ ਰਿਸਦਾ ਹੈ ਉਸ ਤੋਂ ਕਿਤੇ ਵੱਧ ਜਾ ਰਿਹਾ ਹੈ ਕੱਢਿਆ !

**ਔਰਤ ਸੂਤਰਧਾਰ:** ਮਾਹਰਾਂ ਦਾ ਤਾਂ ਕਹਿਣਾ ਹੈ ਕਿ ਜੇ 70 ਲੀਟਰ ਪਾਣੀ ਕੱਢਣਾ ਹੈ ਤਾਂ 100 ਲੀਟਰ ਧਰਤੀ ਦੇ ਅੰਦਰ ਜਾਣਾ ਚਾਹੀਦਾ ਹੈ !

**ਮਰਦ ਸੂਤਰਧਾਰ:** ਖੇਤੀ ਵਾਸਤੇ ਪਾਣੀ ਤਾਂ ਚਾਹੀਦਾ ਹੀ ਹੈ ! ਸੰਸਾਰ ਦੇ ਢਾਈ ਅਰਬ ਤੋਂ ਜਿਆਦਾ ਕਾਮੇ ਖੇਤੀ ਨਾਲ ਸਿੱਧੇ ਜੁੜੇ ਹਨ ਤੇ ਅਰਬਾਂ ਹੋਰ ਜੁੜੇ ਨੇ ਅਸਿੱਧੇ ਤੌਰ ਤੇ ! ਸਤਾਈ ਕਰੋੜ ਤੋਂ ਵੱਧ ਤਾਂ ਭਾਰਤ ਵਿੱਚ ਹੀ ਨੇ, ਪੰਜਾਬ ਵਿੱਚ ਵੀ 35.59% ਕਾਮੇ ਖੇਤੀ ਨਾਲ ਜੁੜੇ ਨੇ ਸਿੱਧੇ !

**ਔਰਤ ਸੂਤਰਧਾਰ:** ਪੰਜਾਬ ਵਿੱਚ 15000 ਤੋਂ ਵੱਧ ਟਿਊਬਵੈੱਲ , ਬਹੁਤ ਸਾਰੀਆਂ ਘਰੇਲੂ ਮੱਛੀ ਮੋਟਰਾਂ, ਕਰਦੀਆਂ ਨੇ ਦੋਹਨ ਪਾਣੀ ਦਾ !

**ਮਰਦ ਸੂਤਰਧਾਰ:** ਸ਼ਹਿਰਾਂ ਦੇ ਕਨਕਰੀਟ ਜੰਗਲ , ਸ਼ਹਿਰੀਆਂ ਦਾ ਪੀਣਯੋਗ ਪਾਣੀ ਨਾਲ ਕਾਰਾਂ ਧੋਣਾ ਤੇ ਬੂਟਿਆਂ ਨੂੰ ਪੇਅ ਜਲ ਖੁਲ੍ਹਾ ਛੱਡੀ ਰੱਖਣ ਨਓਲ ਵੀ ਹੁੰਦਾ ਹੈ ਜਲ ਦੋਹਨ !

**ਔਰਤ ਸੂਤਰਧਾਰ:** ਸਾਨੂੰ ਸਾਰਿਆਂ ਨੂੰ , ਪੇਂਡੂਆਂ ਤੇ ਸ਼ਹਿਰੀਆਂ ਨੂੰ , ਖੇਤੀ ਤੇ ਉਦਯੋਗਾਂ ਨੂੰ , ਪਾਣੀ ਦਾ ਦੋਹਨ ਘਟਾਉਣਾ ਪਵੇਗਾ ਹੱਲ ਹੈ ਇਹ ਵੀ ਇਸ ਗਹਿਰੇ ਹੁੰਦੇ ਸੰਕਟ ਦਾ !

**ਮਰਦ ਸੂਤਰਧਾਰ:** ਬਾਰਸ਼ ਦੇ ਪਾਣੀ ਨੂੰ ਸਹੇਜਣਾ ਪਵੇਗਾ !

**ਔਰਤ ਸੂਤਰਧਾਰ:** ਹੁਣ ਤਾਂ ਭਾਰਤ ਸਰਕਾਰ ਨੇ ਸਪਸ਼ਟ ਕਰ ਦਿੱਤਾ ਕਿ ਮਗਨਰੇਗਾ ਦਾ ਬਹੁਤਾ ਪੈਸਾ ਵਰਖਾ ਦਾ ਪਾਣੀ ਸਹੇਜਣ ਤੇ ਲਗਾਇਆ ਜਾਵੇ ।

**ਮਰਦ ਸੂਤਰਧਾਰ:** ਪੰਜ ਏਕੜ ਤੱਕ ਭੋਂ ਮਾਲਕੀ ਵਾਲੇ ਕਿਸਾਨ ਵੀ ਆਪਣੇ ਖੇਤ ‘ਤੇ ਹੀ ਕੰਮ ਕਰਕੇ ਮਗਨਰੇਗਾ ਦੀ ਦਿਹਾੜੀ ਲੈ ਸਕਦੇ ਨੇ ।ਵਰਖਾ ਦਾ ਜਲ ਖੇਤ ਵਿੱਚ ਹੀ ਸਹੇਜਣ ਦੇ ਵਾਸਤੇ ਕਾਫੀ ਕਾਰਗਾਰ ਹੋ ਸਕਦਾ ਹੈ ਇਹ ।

**ਔਰਤ ਸੂਤਰਧਾਰ:** ਮਗਨਰੇਗਾ ਦੀ ਸਕੀਮ ਤਾਂ ਪੰਜ ਏਕੜ ਤੱਕ ਦੀ ਜ਼ਮੀਨ ਠੇਕੇ ਤੇ ਲੈ ਕੇ ਖੇਤੀ ਕਰਨ ਵਾਲਿਆਂ ਵਾਸਤੇ ਵੀ ਉਪਲਬਧ ਹੈ ।

**ਮਰਦ ਸੂਤਰਧਾਰ:** ਡੁੱਬੀ ਤਾਂ ਜੇ ਸਾਂਹ ਨਾ ਆਇਆ ! ਪੰਜਾਬ ਵਾਲੇ ਅਧਿਕਾਰੀਆਂ ਨੂੰ ਤਾਂ ਸ਼ਾਇਦ ਇਸ ਦਾ ਅਜੇ ਇਲਮ ਹੀ ਨਹੀਂ !

**ਮਰਦ ਸੂਤਰਧਾਰ:** ਸਮਝਣਾ ਤਾਂ ਪਵੇਗਾ ਹੀ, ਪਾਣੀ ਤਾਂ ਸਹੇਜਣਾ ਹੀ ਹੈ , ਟੀਚਾ ਹੈ ਟਿਕਾਊ ਵਿਕਾਸ ਦਾ ਵੀ ਇਹ ਤਾਂ !

**ਔਰਤ ਸੂਤਰਧਾਰ:** ਹੁਣ ਤਾਂ ਮਗਨਰੇਗਾ ਰਾਹੀਂ ਪੰਚਾਇਤ ਸਾਂਝੀਆਂ ਜ਼ਮੀਨਾਂ ਉਪਰ, ਸੱਥ ਵਿੱਚ, ਸਰਵਜਨਕ ਥਾਵਾਂ 'ਤੇ ਮਗਨਰੇਗਾ ਰਾਹੀਂ ਰੁੱਖ ਲਗਵਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਲਈ ਵੀ ਮਗਨਰੇਗਾ ਦੇ ਅਧੀਨ ਕਰ ਸਕਦੀ ਹੈ ।

**ਮਰਦ ਸੂਤਰਧਾਰ:**ਹਾਂ ਭਾਗਮਾਨੇ! ਗੱਲ ਤਾਂ ਤੇਰੀ ਠੀਕ ਐ ! ਮਗਨਰੇਗਾ ਤਹਿਤ ਤਾਂ ਅਸੀਂ ਸਕੂਲਾਂ, ਧਰਮਸ਼ਾਲਾਵਾਂ , ਟੋਭਿਆਂ, ਸ਼ਮਸ਼ਾਨ ਘਾਟਾਂ ਅਤੇ ਹੋਰ ਸਾਂਝੀਆਂ ਥਾਵਾਂ 'ਤੇ ਵੀ ਰੁੱਖ ਲਗਵਾ ਸਕਦੇ ਹਾਂ ! ਪਿੰਡਾਂ ਦੇ ਟੋਭਿਆਂ ਨੂੰ ਸਾਫ ਕਰਵਾ ਕੇ ਵਰਖਾ ਦਾ ਪਾਣੀ ਸਹੇਜਣ ਲਈ ਵੀ ਮਨਰੇਗਾ ਦਾ ਬਹੁਤ ਲਾਭ ਹੈ ।

**ਔਰਤ ਸੂਤਰਧਾਰ:** ਮੈਨੂੰ ਤਾਂ ਲੱਗਦਾ ਹੈ ਕਿ ਅਸੀਂ ਲੋਕਾਂ ਦੀ ਖੁਰਾਕੀ ਤੱਤਾਂ ਦੀ ਕਮੀ ਵੀ ਮਗਨਰੇਗਾ ਨਾਲ ਦੂਰ ਕਰਨ ਦਾ ਉਪਾਅ ਕਰ ਸਕਦੇ ਹਾਂ !

**ਮਰਦ ਸੂਤਰਧਾਰ:** ਐਵੇਂ ਝਹੇਡਾਂ ਨਾ ਕਰੀ ਜਾਹ!

**ਔਰਤ ਸੂਤਰਧਾਰ:** ਝਹੇਡਾਂ ਨਹੀਂ ਪ੍ਰਭਾ ! ਟੋਭਿਆਂ 'ਤੇ , ਫਿਰਨੀ 'ਤੇ , ਸੱਥਾਂ ਵਿੱਚ ਫਲਦਾਰ ਰੁੱਖ ਲਗਵਾ ਦਿਓ ਅਮਰੂਦ , ਅੰਬ , ਜਾਮੁਨ , ਔਲਾ ਆਦਿ ਆਪੇ ਲੋਕ ਤੋੜ ਕੇ ਫਲ ਖਾ ਲਿਆ ਕਰਨਗੇ !

**ਮਰਦ ਸੂਤਰਧਾਰ:** ਪਾਣੀ ਤਾਂ ਸਾਡੀ ਊਰਜਾ ਦੀ ਮੰਗ ਦੀ ਵੀ ਪੂਰਤੀ ਸਥਾਨਕ ਪੱਧਰ ਤੇ ਹੀ ਕਰ ਦਿੰਦਾ ਸੀ !

**ਔਰਤ ਸੂਤਰਧਾਰ:** ਊਰਜਾ ਦੀ ਮੰਗ ਦੀ ਪੂਰਤੀ ! ਕਿਤੇ ਤੁਸੀਂ ਪਾਣੀ ਨਾਲ ਨਹਿਰਾਂ ਤੇ ਚਲਦੇ ਘਰਾਟਾਂ ਤੇ ਕੋਹਲੂਆਂ ਦੀ ਗੱਲ ਤਾਂ ਨਹੀਂ ਕਰ ਰਹੇ ?

**ਮਰਦ ਸੂਤਰਧਾਰ:** ਹਾਂ ਹਾਂ ! ਭਾਗਮਾਨੇ ਹਾਂ ! ਕਰ ਰਿਹਾ ਹਾਂ ਮੈਂ ਘਰਾਟਾਂ ਦੀ ਗੱਲ , ਉਨ੍ਹਾਂ ਹੀ ਘਰਾਟਾਂ ਦੀ ਜਿਨ੍ਹਾਂ 'ਤੇ ਬਣੇ ਨੇ ਅਖਾਣ " ਘਰ ਖਾਣ ਨੂੰ ਦਾਣੇ ਨੀ , ਮਾਂ ਘਰਾਟੀਂ ਲੜਦੀ ਐ" ।

**ਔਰਤ ਸੂਤਰਧਾਰ:** ਆਹੋ ! ਬੱਬਨਪੁਰ ਦੇ, ਬੁਗਰੇ ਦੇ, ਸੂਲਰ ਦੇ, ਨਦਾਮਪੁਰ ਦੇ, ਬੂਹੀ ਦੇ ਘਰਾਟ ਤਾਂ ਮਸ਼ਾਹੂਰ ਸਨ ਪਰ ਹੁਣ ਤਾਂ ਇਹ ਵੀ ਚੜ੍ਹ ਗਏ ਨੇ ਭੇਟ ਆਧੁਨਿਕ ਵਿਕਾਸ ਦੇ ਮਾਡਲ ਦੇ !

**ਮਰਦ ਸੂਤਰਧਾਰ:** ਘਰਾਟ ਬੰਦ ਹੋ ਗਏ ਤਾਂ ਕੀ ਹੋ ਗਿਆ ਪਰ ਹੋਰ ਰਸਤੇ ਖੁਲ੍ਹ ਗਏ ਨੇ ! ਵਿਕਾਸ ਦਾ ਭਾਵ ਪਰਿਆਵਰਣ ਦਾ ਨਾਸ ਨਹੀਂ ਸਗੋਂ ਵਿਗਿਆਨਕ ਜਾਣਕਾਰੀਆਂ ਤੇ ਨਵੀਂ ਤਕਨਾਲੋਜੀ ਨਾਲ ਕੁਦਰਤੀ ਸ੍ਰੋਤਾਂ ਦਾ ਬਿਹਤਰ ਉਪਯੋਗ ਕਰਨਾ ਹੈ ।

**ਔਰਤ ਸੂਤਰਧਾਰ:** ਆਹੋ ਜੀ ! ਘਰਾਟਾਂ ਵਾਲੀਆਂ ਥਾਵਾਂ ਤੇ ਛੋਟੇ ਛੋਟੇ ਪਣ ਬਿਜਲੀ ਘਰ ਲਗਾ ਕੇ ਚੱਕੀਆਂ ਤੇ ਕੋਹਲੂ ਵੀ ਚੱਲ ਸਕਦੇ ਨੇ ਤੇ ਘਰਾਂ ਵਾਸਤੇ ਬਿਜਲੀ ਵੀ ਮਿਲ ਸਕਦੀ ਹੈ !

**ਮਰਦ ਸੂਤਰਧਾਰ:** ਹਾਂ ! ਸਰਹਿੰਦ ਨਹਿਰ 'ਤੇ , ਬਿਸਤ ਦੁਆਬ 'ਤੇ , ਰਾਵੀ ਵਿੱਚੋਂ ਨਿਕਲਦੀਆਂ ਅਪਰ ਬਾਰੀ ਦੁਆਬ ਨਹਿਰਾਂ 'ਤੇ ਪਣ ਬਿਜਲੀ ਘਰ ਲੱਗ ਸਕਦੇ ਨੇ !

**ਔਰਤ ਸੂਤਰਧਾਰ:** ਵੈਸੇ ਪ੍ਰਭਾ ! ਇੱਕ ਗੱਲ ਕਹਾਂ ! ਨਦਾਮਪੁਰ , ਰੋਹਟੀ ਆਦਿ ਦੇ ਇਹ ਬਿਜਲੀ ਘਰ ਪੂਰੀ ਤਰ੍ਹਾਂ ਚੱਲ ਤਾਂ ਸਕੇ ਨੀ ਅਜੇ ਤੱਕ ਵੀ !

**ਮਰਦ ਸੂਤਰਧਾਰ:** ਹਾਂ ! ਸੋਚਨ ਦੀ ਲੋੜ ਤਾਂ ਹੈ ! ਪਰ ਫਿਰ ਵੀ ਵਰਖਾ ਦੇ ਪਾਣੀ ਨੂੰ ਸਹੇਜਣ ਤੇ ਚਲਦੇ ਪਾਣੀ ਦੀ ਗਤਿਜ ਊਰਜਾ ਨੂੰ ਵਰਤਨ ਦੀ ਕਹਾਣੀ ਖਤਮ ਤਾਂ ਨਹੀਂ ਹੋ ਗਈ !

**ਔਰਤ ਸੂਤਰਧਾਰ:** ਮਾਹਾਰਾਸਟਰ ਵਿੱਚ ਵਿਲਾਸਲਾਵ ਸਾਲੂੰਖੇ ਨੇ ਛੋਟੇ ਛੋਟੇ ਬੰਧਾਂ ਰਾਹੀਂ ਵਰਖਾ ਦਾ ਪਾਣੀ ਸਹੇਜ ਕੇ ਪਿੰਡਾਂ ਨੂੰ ਹਰੇ ਭਰੇ ਬਣਾ ਦਿੱਤਾ !

**ਮਰਦ ਸੂਤਰਧਾਰ:** ਸਾਡੇ ਪੰਜਾਬ ਵਿੱਚ ਵੀ ਤਾਂ ਢੋਲਬਾਹਾ ਡੈਮ ਇਸ ਤਰ੍ਹਾਂ ਦੇ ਬੰਧਾਂ ਰਾਹੀਂ ਪਾਣੀ ਪ੍ਰਬੰਧਣ ਦੀ ਇੱਕ ਵਧੀਆ ਉਦਹਾਰਣ ਹੈ !

**ਔਰਤ ਸੂਤਰਧਾਰ:** ਹਾਂ ਜੀ ਐਵੇਂ ਤਾਂ ਖਡੂਰ ਸਾਹਿਬ ਵਾਲੇ ਬਾਬੇ ਨੇ ਵੀ ਰੁੱਖ ਲਗਾਉਣ ਦੀ ਮੁਹਿੰਮ ਵਿੱਢ ਰੱਖੀ ਹੈ।

**ਮਰਦ ਸੂਤਰਧਾਰ:** ਭਾਗਮਾਨੇ ਵਿਲਾਸਰਾਵ ਸਾਲੂੰਖੇ ਜੀ ਨੇ ਤਾਂ ਆਪਣੀ ਇੰਜੀਨੀਅਰਿੰਗ ਦੀ ਕਾਬਲੀਅਤ ਦੀ ਵਰਤੋਂ ਨਾਲ ਉਥੇ 'ਪਾਣੀ ਪੰਚਾਇਤ' ਨਾਮ ਦੀ ਮੁਹਿੰਮ ਸੁਰੂ ਕਰਕੇ ਸੈਂਕੜੇ ਪਿੰਡਾਂ ਦਾ ਕਰ ਦਿੱਤਾ ਕਾਇਆ ਕਲਪ !

**ਔਰਤ ਸੂਤਰਧਾਰ:** ਸਾਰੀ ਚਰਚਾ 'ਚੋਂ ਮੈਨੂੰ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਸਾਨੂੰ ਹਰ ਪੱਧਰ 'ਤੇ ਹਰ ਪ੍ਰਕਾਰ ਦੀਆਂ ਕੋਸਿਸ਼ਾਂ ਕਰਨੀਆਂ ਚਾਹੀਦੀਆਂ ਨੇ ਪਾਣੀ ਨੂੰ ਸਹੇਜਣ ਦੀਆਂ, ਬਚਾਉਣ ਦੀਆਂ ਤੇ ਮੁੜ ਵਰਤੋਂ ਦੀਆਂ !

**ਮਰਦ ਸੂਤਰਧਾਰ:** ਹਾਂ ਜੀ ਸਾਨੂੰ ਨਵੀਆਂ ਤੇ ਪੁਰਾਤਨ ਤਕਨੀਕਾਂ ਦਾ ਸੁਮੇਲ ਕਰਕੇ ਲੋਕ ਲਹਿਰਾਂ ਉਸਾਰ ਕੇ , ਸਰਕਾਰ ਦਾ ਸਹਿਯੋਗ ਲੈ ਕੇ ਸਮੂਹਿਕ ਤੌਰ ਤੇ ਪਾਣੀ ਦੇ ਸੁਰੱਖਿਅਣ ਵੱਲ ਵਧਣਾ ਪਵੇਗਾ !

**ਔਰਤ ਸੂਤਰਧਾਰ:** ਤੇ ਫਿਰ ਹੋਵੇਗਾ ਟਿਕਾਊ ਵਿਕਾਸ ਤੇ ਇੱਕ ਨਵ ਭਾਰਤ ਦਾ ਨਿਰਮਾਨ ਵੀ !

**ਪ੍ਰਸ਼ਨ ਜਿਨ੍ਹਾਂ ਦੇ ਉਤਰ ਦੇਣ ਲਈ ਮਾਹਰਾਂ ਦੀ ਚਰਚਾ ਕਰਵਾਈ ਜਾ ਸਕਦੀ ਹੈ :-**

1. ਪਾਣੀ ਦੀ ਸਮੱਸਿਆਂ ਕਿਉਂ ਹੋ ਗਈ ਖੜ੍ਹੀ ?
2. ਕਿਹੜੇ ਨੇ ਪ੍ਰਦੂਸ਼ਕ ਜਿਹੜੇ ਕਰਦੇ ਨੇ ਪਾਣੀ ਦਾ ਪ੍ਰਦੂਸ਼ਣ ?
3. ਪਾਣੀ ਦਾ ਪ੍ਰਦੂਸ਼ਣ ਕਿਉਂ ਹੋ ਜਾਂਦਾ ਹੈ ਐਨਾ ਸਹਿਜੇ ਹੀ ?
4. ਹਾਈਡਰੋਜਨ ਬੰਧਨ ਕੀ ਹਨ ? ਕਿਵੇਂ ਬਣਾਉਂਦੇ ਨੇ ਪਾਣੀ ਨੂੰ ਇਹ ਬੰਧਨ ਇੱਕ ਵਿਸ਼ੇਸ਼ ਤਰਲ ?
5. ਕਿਹੜੇ ਨੇ ਸ੍ਰੋਤ ਜਲ ਪ੍ਰਦੂਸ਼ਣ ਦੇ ?
6. ਕਿਉਂ ਪੈਦਾ ਹੋ ਗਿਆ ਜਲ ਸੰਕਟ ਪੰਜ ਦਰਿਆਵਾਂ ਵਾਲੇ ਪੰਜਾਬ ਵਿੱਚ ?
7. ਪੰਜਾਬ ਦੇ ਕਿੰਨ੍ਹਾਂ ਕਿੰਨ੍ਹਾਂ ਦਰਿਆਵਾਂ ਦਾ ਪਾਣੀ ਹੋ ਗਿਆ ਅਤਿ ਮਲੀਨ ?
8. ਉਤਰਾਖੰਡ ਵਰਗੇ ਪਹਾੜੀ ਇਲਾਕਿਆਂ ਵਿੱਚ ਵੀ ਕਿਉਂ ਹੋ ਗਈ ਕਿੱਲਤ ਪਾਣੀ ਦੀ !
9. ਵਰਖਾ ਦਾ ਪਾਣੀ ਸਹੇਜਣ ਵਿੱਚ ਰੁੱਖਾ ਦੀ ਕੀ ਹੈ ਭੂਮਿਕਾ ?
10. ਵਰਖਾ ਦਾ ਪਾਣੀ ਧਰਤੀ ਵਿੱਚ ਕਿਉਂ ਨਹੀਂ ਰਿਹਾ ਸਿਮ ?
11. ਕੀ ਨੇ ਤਰੀਕੇ ਵਰਖਾ ਦੇ ਪਾਣੀ ਨੂੰ ਸਹੇਜਣ ਦੇ ?
12. ਕਿਸ ਨੂੰ ਕਹਿੰਦੇ ਨੇ ਜਲ ਦੋਹਣ ਤੇ ਕੀ ਹੈ ਇਸ ਦੀ ਸੁਰੱਖਿਅਤ ਸੀਮਾ ?

13. ਉਦਯੋਗਾਂ ਵਿੱਚੋਂ ਕਿਹੜੇ ਕਿਹੜੇ ਪ੍ਰਦੂਸ਼ਕ ਕਰਦੇ ਨੇ ਪਾਣੀ ਦਾ ਪ੍ਰਦੂਸ਼ਣ ?
14. ਸੀ ਓ ਡੀ , ਬੀ ਓ ਡੀ ਤੇ ਓ ਡੀ ਕੀ ਹਨ ?
15. ਉਦਯੋਗਾਂ ਦਾ ਪਾਣੀ ਦਰਿਆਵਾਂ ਵਿੱਚ ਸੁੱਟਣ ਵੇਲੇ ਕਿਸ ਗੱਲ ਦਾ ਧਿਆਨ ਜਰੂਰੀ ਹੈ ਤੇ ਕਿਉਂ ?
16. ਪੰਜਾਬ ਵਿੱਚ ਪਾਣੀ ਬਚਾਉਣ ਦਾ ਕੰਮ ਕਿਹੜੇ ਕਿਹੜੇ ਸਵੇ ਸੇਵੀ ਰਹੇ ਨੇ ਕਰ ਤੇ ਕਿਵੇਂ ?
17. ਜਲ ਪੁਰਸ਼ ਕੌਣ ਹੈ ? ਕੀ ਦਿਤਾ ਹੈ ਗੁਰ ਉਨ੍ਹਾਂ ਨੇ ਪਾਣੀ ਸਹੇਜਣ ਦਾ ,? ਕੀ ਹੈ ਧਾਰਣਾ ਉਸ ਗੁਰ ਦੇ ਪਿਛੇ ?
18. ਮਹਾਰਾਸਟਰ ਵਿੱਚ ਜਲ ਸਹੇਜਣ ਦੇ ਕੰਮ ਵਿੱਚ ਕਿਸ ਯੁੱਗ ਪੁਰਸ਼ ਦੀ ਹੈ ਮੁੱਖ ਭੂਮਿਕਾ ਤੇ ਕੀ ਹੈ ਉਹ ਵਿਧੀ ?
19. ਘਰਾਟ ਕੀ ਸਨ ਤੇ ਕਿਵੇਂ ਕਰਦੇ ਸਨ ਕੰਮ ? ਆਧੁਨਿਕ ਵਿਗਿਆਨ ਰਾਹੀਂ ਕਿਵੇਂ ਇਨ੍ਹਾਂ ਸਥਾਨਾ ਦੀ ਗਤਿਜ ਊਰਜਾ ਦਾ ਲਾਭ ਲਿਆ ਜਾ ਸਕਦਾ ਹੈ ਹੋਰ ਵੱਧ ?
20. ਪਾਣੀ ਸਹੇਜਣ ਮੁਹਿੰਮ ਵਿੱਚ ਕੀ ਹੋ ਸਕਦਾ ਹੈ ਯੋਗਦਾਲਾਭ ਲੈ ਕੇ ?
21. ਪਾਣੀ ਸਹੇਜਣ ਵਾਸਤੇ ਪਾਈਪ ਆਦਿ ਪੌਣ ਦਾ ਖਰਚਾ ਮਨਰੇਗਾ ਵਾਲੇ ਕਿਸਾਨ ਜਾਂ ਸਰਵ ਜਨਕ ਥਾਵਾਂ ਵਾਸਤੇ ਪੰਚਾਇਤਾਂ ਫੰਡ ਕਿੱਥੋਂ ਲੈਣ ?
22. ਕਿਨ੍ਹਾਂ ਕਿੰਨ੍ਹਾਂ ਥਾਵਾਂ ਤੇ ਅਸੀਂ ਲਗਾ ਸਕਦੇ ਹਾਂ ਰੁੱਖ ਮਨਰੇਗਾ ਰਾਹੀਂ , ਕਿਵੇਂ ਲਗਾ ਸਕਦੇ ਹਾਂ ਫਲਦਾਰ ਬੂਟੇ ਵੀ ਇਨ੍ਹਾਂ ਰਾਹੀਂ ? ਕੋਣ ਕਰੇਗਾ ਸੰਬਾਲ ਇਨ੍ਹਾਂ ਰੁੱਖਾਂ ਦੀ ?
23. ਕਿਹੜੇ ਕਿਸਾਨ ਸਹੇਜ ਸਕਦੇ ਨੇ ਪਾਣੀ ਮਨਰੇਗਾ ਦਾ ?
24. ਕੌਣ ਤਹਿ ਕਰਦਾ ਹੈ ਪੇਅ ਜਲ ਦੇ ਮਾਨਕ ਸਾਡੇ ਦੇਸ ਵਿੱਚ ? ਕੀ ਹੈ ਪੀ ਐਚ ਦਾ ਮਾਨਕ ?
25. ਕਿਹੜੀਆਂ ਨੇ ਭਾਰੀ ਧਾਤਾਂ ਜਿਹੜੀਆਂ ਨੇ ਪ੍ਰਦੂਸ਼ਕ ਪਾਣੀ ਦੀਆਂ ?
26. ਕਿਹੜੀਆਂ ਲੱਗ ਸੱਕਦੀਆਂ ਨੇ ਬਿਮਾਰੀਆਂ ਪ੍ਰਦੂਸ਼ਿਤ ਪਾਣੀ ਪੀਣ ਕਾਰਨ ?
27. ਕੀ ਨੁਕਸ ਪੈ ਜਾਂਦਾ ਹੈ ਆਰ ਓ ਦੇ ਪਾਣੀ ਵਿੱਚ ?
28. ਤੁਪਕਾ ਤੁਪਕਾ ਲੀਕ ਕਰਦੀ ਹਰ ਸ਼ਹਿਰੀ ਘਰ ਦੀ ਇੱਕ ਇੱਕ ਟੂਟੀ ਵਿੱਚੋਂ ਹਰ ਰੋਜ ਕਿਨੇ ਲਿਟਰ ਪੇਅ ਜਲ ਵਿਅਰਥ ਚਲਿਆ ਜਾਂਦਾ ਹੈ ?
29. ਪਿੰਡਾਂ ਵਿੱਚ ਜਲ ਦੋਹਣ ਕਿਵੇਂ ਰਿਹਾ ਹੈ ਹੋ ?
30. ਕਿੰਨੇ ਬਲਾਕ ਐਲਾਨੇ ਗਏ ਨੇ ਕਾਲੇ ਬਲਾਕਾਂ ਵੱਜੋਂ ਪੰਜਾਬ ਦੇ ਵਿੱਚ ?
31. ਸ਼ਹਿਰਾਂ ਵਿੱਚ ਜਲ ਦੋਹਣ ਕਿਵੇਂ ਹੁੰਦਾ ਹੈ ਤੇ ਪਾਣੀ ਅਜਾਈਂ ਕਿਵੇਂ ਗੁਆਇਆ ਜਾ ਰਿਹਾ ਹੈ ? ਕੀ ਕਰੀਏ ਉਪਾਅ ?
32. ਕਿਹੜੀ ਵੱਡੀ ਗਲਤੀ ਅਸੀਂ ਮਾਲਵੇ ਵਿੱਚ ਕਰਦੇ ਰਹੇ ਆਪਣੇ ਮਾਹਰਾਂ ਦੀ ਖੋਜ ਵਿਸਾਰ ਕੇ ਤੇ ਬਦੇਸੀ ਕੰਪਨੀਆਂ ਦੀ ਗੱਲ ਮੰਨ ਕੇ ?
33. ਪੰਜਾਬ ਵਿੱਚ ਕਿੱਥੇ ਕਿੱਥੇ ਲੱਗ ਸਕਦੇ ਨੇ ਛੋਟੇ ਛੋਟੇ ਪਣ-ਬਿਜਲੀ ਘਰ ? ਕਿੰਨੀ ਹੋ ਸਕਦੀ ਹੈ ਪੈਦਾ ਬਿਜਲੀ ਇਨ੍ਹਾਂ ਤੋਂ ?

34. ਪਾਣੀ ਪੰਚਾਇਤ, ਚਿਪਕੋ ਅੰਦੋਲਣ, ਟੇਹਰੀ ਅੰਦੋਲਨ ਕੀ ਸਨ ?

35. ਪੰਜਾਬ ਵਿੱਚ ਜੰਗਲਾਂ ਹੇਠ ਰਕਬੇ ਦਾ ਕੀ ਹੈ ਸਬੰਧ ਭੂ-ਜਲ ਦੇ ਨਾਲ ?